2 P
1979
Рин

राष्ट्रीय अभिलेखागार पुस्तकालय
NATIONAL ARCHIVES LIBRARY
भारत सरकार
Government of India
नई दिल्ली
New Delhi

1056/9/91

आह्वानांक Call No.
अवाप्ति सं० Acc. No. 19798

੧ ੳ ਸਤਿਗੁਰਪ੍ਰਸਾਦਿ ॥

# ਬਿਜਲੀ ਦੀ ਕੜਕ

ਰਚਿਤ


ਸ੍ਰੀ ਮਾਨ ਸ੍ਰ: ਦਰਸ਼ਨ ਸਿੰਘ ਜੀ 'ਦਲਜੀਤ'

ਵਿਦਯਾਰਥੀ

ਕਾਲਾ ਗੁਜਰਾਂ ਜ਼ਿਲਾ ਜੇਹਲਮ



§ ਪ੍ਰਕਾਸ਼ਕ §

ਖਾਲਸਾ ਆਜ਼ਾਦ ਏਜੰਸੀ, ਅੰਮ੍ਰਿਤਸਰ



1979

Lib 1042/76P-3

NATIONAL ARCHIVES LIBRARY
No 1979
Date 1.2.72
★ GOVT. OF INDIA ★

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਮੁਖ ਆਦ੍ਰਸ਼

ਜਿਵੇਂ ਪਤਝੜ ਦੇ ਸੰਮੇ ਦੇ ਕੁਮਲਾਏ ਹੋਏ ਤੇ ਨਿਮੋਝੂਨੇ ਰੁਖਾਂ ਉਤੇ ਬਸੰਤ ਆਉਨ ਨਾਲ ਨਵੀਆਂ ਨਵੀਆਂ ਕਰੂਮਲਾਂ, ਫੁਲ, ਟਾਹਣੀਆਂ ਤੇ ਪਤੇ ਹਸੂੰ ਹਸੂੰ ਕਰਦੇ ਨਿਕਲ ਆਉਂਦੇ ਹਨ, ਬਨਾਸਪਤੀ ਦੇ ਸੁਹਾਵਣੇ ਤੇ ਮਨ ਖਿਚਵੇਂ ਜੋਬਨ ਨੂੰ ਵੇਖ ਕੋਇਲਾਂ, ਮੋਰ ਤੇ ਪਪੀਏ ਖੁਸ਼ੀ ਭਰੀ ਅਵਾਜ਼ ਦੇ ਵਿਚ ਉਸ ਅਸਚਰਜ ਨਜਾਰੇ ਦੀ ਸਿਫਤ ਵਿਚ ਗੀਤ ਅਲਾਉਂਦੇ ਹਨ, ਖਿੜੇ ਹੋਏ ਫੁਲਾਂ ਨੂੰ ਦੇਖਕੇ ਹਰ ਇਕ ਦੇ ਦਿਲ ਦੀ ਕਲੀ ਖਿੜ ਆਉਂਦੀ ਹੈ। ਸੱਚ ਮੁੱਚ ਉਦਾਂ ਹੀ ਸਾਡੀ ਪੰਜਾਬੀ ਬੋਲੀ ਕਈ ਸਾਲਾਂ ਦੇ ਕੈਹਰ ਝਖੜ ਤੇ ਹਨੇਰੀਆਂ ਦੇ ਦੁਖ ਝਲਣ ਦੇ ਮਗਰੋਂ ਮੁੜ ਅਪਣੀ ਉਸੇ ਪੈਹਲੀ ਸ਼ਾਨ ਵਿਚ ਟੈਹਕ ਆਈ ਹੈ। ਨਵੇਂ ਕਵੀਆਂ ਦੀਆਂ ਯਮਕ ਤੇ ਅਲੰਕਾਰ ਪੂਰਤ ਕਵਤਾਵਾਂ, ਗੁਣੀਆਂ ਦੇ ਧੜੱਲੇਦਾਰ ਤੇ

ਨੀਤੀ ਪੂਰਤ ਲੇਖ ਆਦਮੀ ਦੇ ਦਿਲ ਤੇ ਅਪਣਾ ਡੂੰਘਾ ਅਸਰ ਕੀਤੇ ਤੋਂ ਬਿਨਾ ਨਹੀਂ ਰੈਂਹਦੇ। ਇਸੇ ਹ ਉਤਸ਼ਾਹ ਨੂੰ ਲੈਕੇ ਆਪ ਦੇ ਸੇਵਕਾਂ ਨੇ ਪੰਜਾਬੀ ਸਾਹਤਿਯ ਦੇ ਵਾਧੇ ਲਈ ਨਿਮਾਣਾ ਜਤਨ ਅਰੰਭਿਆ **ਹੈ**।

ਪ੍ਰਸਿਧ ਕਵੀਸ਼ਰਾਂ ਅਤੇ ਲਖਾਰੀਆਂ ਨੇ ਅਪਣੀਆਂ ਰਚਨਾਂ ਦੇ ਗ੍ਰੰਥ ਦੇਣ ਦਾ ਪੱਕਾ ਇਕਰਾਰ ਕੀਤਾ ਹੈ। ਗੁਰੂ ਪੰਥ ਦੀ ਮੇਹਰ ਤੇ ਵਾਹਿਗੁਰੂ ਦੀ ਕ੍ਰਿਪਾ ਨਾਲ ਅਸੀਂ ਭਰੋਸਾ ਰਖਦੇ ਹਾਂ ਕਿ ਪਾਠਕਾਂ ਦੀ ਸੇਵਾ ਵਿਚ ਹਰ ਮਹੀਨੇ ਘਟੋ ਘਟ ਇਕ ਨਵੀਂ ਪੁਸਤਕ ਪੇਸ਼ ਕਰ ਸਕਿਆ ਕਰਾਂਗੇ।

ਇਹ ਦੂਜਾ ਟ੍ਰੈਕਟ ਆਪ ਦੀ ਦ੍ਰਿਸ਼ਟੀ ਗੋਚਰੇ ਹੈ ਆਸ਼ਾ ਹੈ ਜੋ ਆਪ ਪੜ੍ਹਕੇ ਪ੍ਰਸੰਨ ਹੋਵੋਗੇ ਤੇ ਅਗੋਂ ਲਈ ਸੇਵਕਾਂ ਦੇ ਹੌਸਲੇ ਵਧਾਉਗੇ।

ਅੰਮ੍ਰਿਤਸਰ ੧੯-੨-੨੪ { ਦਾਸ—ਮੈਨੇਜਰ<br>ਖਾਲਸਾ ਅਜ਼ਾਦ ਏਜੰਸੀ

੧ ਓ ਸਤਿਗੁਰਪ੍ਰਸਾਦਿ ॥

# ਪ੍ਰੇਮ ਭੇਟਾ

ਮੈਂ ਇਹ ਨਿਮਾਣੀ ਪੁਸਤਕ 'ਦਰਦ ਦੇ ਪੁੰਜ' ਸ੍ਰੀ ਮਾਨ ਗਿਆਨੀ ਹੀਰਾ ਸਿੰਘ ਜੀ "ਦਰਦ" ਨੂੰ ਸਮਰਪਨ ਕਰਦਾ ਹਾਂ।

ਦਰਸ਼ਨ ਸਿੰਘ 'ਦਲਜੀਤ'

ਲਾਈਏ ਖਾਕ ਸ਼ਹੀਦਾਂ ਦੀ ਚੁਕ ਮਥੇ,
ਨਾਲੇ ਦਿਲਾਂ ਦੇ ਦੁਖੜੇ ਫੋਲ ਲਈਏ।
ਅੰਦਰ ਵੜਦਿਆਂ ਹੀ ਸਜੇ ਹੱਥ ਵੱਲੇ,
ਉਤੇ ਕੰਧ ਦੇ ਲਗੇ ਨਸ਼ਾਨ ਹੋਸਨ।
ਹੰਝੂ ਕੇਰਕੇ ਆਪਨੀ ਅਖੀਆਂ ਚੋਂ,
ਤੈਨੂੰ ਵੇਹਦਿਆਂ ਹੀ ਲਬ*ਕੁਸ਼ਾਂ ਹੋਸਨ।
ਆਏ ਬੀਰ ਬਾਹਰੋਂ ਦਰਸ਼ਨ ਕਰਨ ਏਥੇ,
ਨਹੀਂ ਸੀ ਪਤਾ ਏਥੇ ਬਲੀ ਦਾਨ ਹੋਸਨ।
ਨਹੀ ਸੀ ਪਤਾ ਪਸਤੌਲਾਂ ਦੇ ਵਾਰ ਹੋਸਨ;
ਅਗੋਂ ਅਸਾਂ ਦੇ ਜਿਗਰ ਨਸ਼ਾਨ ਹੋਸਨ।
ਮਥਾ ਟੇਕਕੇ ਨਾਲ ਪਿਆਰ ਬੈਠੇ,
ਅਚਨ ਚੇਤ ਗੋਲੀ ਤਾੜ ਤਾੜ ਚਲੀ;
ਹੋਈ ਪਾਰ ਕਲੇਜੜੇ ਵਿੰਨ ਕੇ ਤੇ,
ਕਈ ਵਸਦੇ ਘਰ ਉਜਾੜ ਚਲੀ।
ਨਾਲ ਗੋਲੀਆਂ ਦੇ ਕਰਕੇ ਨੀਮ ਬਿਸਮਿਲ,
ਆਈ ਵਾਰ ਫਿਰ ਛਵੀਆਂ ਗੰਡਾਸਿਆਂ ਦੀ;
ਲਾਹੇ ਸਿਰੋਂ ਧੜ, ਅੰਗ ਜੁਦਾ ਕੀਤੇ,
ਮੇਟੀ ਪਿਆਸ ਵਾਹ ਦਰਸ ਪਿਆਸਿਆਂ ਦੀ।
ਨਾਨਕ ਪਿਤਾ ਦੀ ਗੋਦ ਦੇ ਵਿਚ ਬੈਠੇ,
ਪੂਰੀ ਹੋ ਗਈ ਆਸ ਨਿਰਾਸਿਆਂ ਦੀ।

ਵੇਖ ਸੀਨ ਏਹ, ਸਵੱਰਗ ਦੇ ਦਿਓਤਿਆਂ ਨੇ,
ਲਾਈ ਝੜੀ ਵਾਹ ਫੁਲ ਪਤਾਸਿਆਂ ਦੀ।
ਬੇਸ਼ੁਮਾਰ ਕਟੇ ਅੰਗ ਸੜ ਰਹੇ ਸੀ,
ਕਈ ਛਾਤੀਆਂ ਹੋ ਪਾਸ ਪਾਸ ਗਏਆਂ।
ਛੋਡ ਛੋਡ ਕੇ ਪਿੰਜਰੇ ਬੁਤ ਦੇ ਨੂੰ,
ਰੂਹਾਂ ਉਡ ਕੇ ਵਲ ਆਕਾਸ਼ ਗਈਆਂ।
ਖਾਕੇ ਜ਼ਖਮ ਡਿਗੇ ਸਾਰੇ ਧਰਤ ਉਤੇ,
ਪਾਪੀ ਰਖ ਕਨੇ ਢੇਰ ਲਾ ਦਿਤਾ।
ਪੀਪੇ ਤੇਲ ਪਟਰੋਲ ਦੇ ਕਢ ਕੇ ਤੇ,
ਉਤੇ ਸੂਰਿਆਂ ਝਟ ਛਿਨਕਾ ਦਿਤਾ।
ਉਤੇ ਸਿਟਕੇ ਸੁਕੀਆਂ ਲਕੜੀਆਂ ਨੂੰ,
ਭਾਂਬੜ ਕਹਿਰ ਦਾ ਨੈਣੂ ਮਚਾ ਦਿਤਾ।
ਕਲਗੀ ਵਾਲੜੇ ਦੇ ਦੋ ਸੌ ਸੂਰਿਆਂ ਨੂੰ,
ਏਸੇ ਤਰਾਂ ਜ਼ਿੰਦਾ ਹੀ ਜਲਾ ਦਿਤਾ।
ਲਛਮਣ ਸਿੰਘ ਬਾਂਕੇ ਜਥੇਦਾਰ ਤਾਈਂ,
ਹਾਏ ਕਾਤਲਾਂ ਦੇ ਜਥੇ ਪਕੜ ਕੇ ਤੇ।
ਪਾਕੇ ਤੇਲ ਪਟਰੋਲ ਦਾ ਅਗ ਲਾਈ,
ਬੇਰੀ ਨਾਲ ਹਾਏ! ਪੁਠਾ ਜਕੜ ਕੇ ਤੇ।
ਖਾਧਾ ਖੌਫ਼ ਨਾ ਛਵੀਆਂ ਗੰਡਾਸਿਆਂ ਦਾ,
ਹਸ ਹਸ ਕੇ ਬੀਰ ਸ਼ਹੀਦ ਹੋਏ।

੧ ਓ ਸਤਿਗੁਰਪ੍ਰਸਾਦਿ ॥

ਦਸਮ ਗੁਰੂ ਕੀ ਓਟ ਲੇ ਰਚਿਓ ਏਹ ਗਰੰਥ,
ਦਾਸ ਜਾਨ ਭੁਲ ਬਖਸ਼ਨੀ ਮੇਹਰਾਂ ਦਾਤੇ ਪੰਥ !

# ਨਨਕਾਨੇ ਸਾਹਿਬ ਦੇ ਸਾਕੇ ਤੇ ਚਾਰ ਹੰਜੂ

ਆਕੇ ਵਿਚ ਨਨਕਾਨੇ ਦੇ ਦਰਦੀਆ ਵੇ,
ਅਖੀਂ ਵੀਰ, ਸ਼ਹੀਦ ਅਸਥਾਨ ਤੱਕ ਲੈ।
ਜਿਥੇ ਖੂਨ ਵੀਰਾਂ ਵਾਲਾ ਡੁਲਿਆ ਸੀ,
ਲਾਲੋ ਲਾਲ ਅੱਜ ਜਨਮ ਅਸਥਾਨ ਤੱਕ ਲੈ।
ਜਿਥੇ ਬੁਲਬੁਲਾਂ ਕਈ ਸ਼ਹੀਦ ਹੋਈਆਂ,
ਆਕੇ ਜ਼ਰਾ ਉਹਾ ਗੁਲਿਸਤਾਨ ਤੱਕ ਲੈ।
ਜਿਸਨੇ ਅੰਗ ਸਾੜੇ ਸੀ ਪਤੰਗਿਆਂ ਦੇ,
ਹੋਇਆ ਗੁਲ ਉਹਾ ਸ਼ਮਾਂਦਾਨ ਤੱਕ ਲੈ।
ਆਜਾ ! ਬੈਠ ਅੰਗੀਠੜੇ ਕੋਲ ਰਲਕੇ,
ਹੰਜੂ ਅਖੀਆਂ ਤੋਂ ਚਾਰ ਡੋਹਲ ਲਈਏ।

ਜਲ ਸ਼ਮਾਂ ਤੇ ਅੰਗ ਪਰਵਾਨਿਆਂ ਦੇ,
ਬਕਰੇ ਖ਼ੂਬ ਕੁਰਬਾਨ ਦਿਨ ਈਦ ਹੋਏ।
ਗਏ 'ਸਵਰਗ ਬਬਾਨ ਸਵਾਰ ਹੋਕੇ,
ਖ਼ੂਬ ਪੁਰਖ ਅਕਾਲ ਦੇ ਦੀਦ ਹੋਏ।
ਡਰਨ ਮੌਤ ਤੋਂ ਕਿਵੇਂ 'ਦਲਜੀਤ' ਸੂਰੇ,
ਕਲਗ਼ੀ ਵਾਲੜੇ ਦੇ ਜੋ ਮੁਰੀਦ ਹੋਏ।
ਖ਼ਾਕ ਹੋ ਗਏ ਮਾਹੀ ਦੇ ਦਰ ਉਤੇ,
ਮਾਹੀ ਉਪਰੋਂ ਜਿੰਦ ਨਿਸਾਰ ਕਰ ਗਏ।
ਡੋਹਲ ਆਪਣੇ ਜਿਗਰ ਦਾ ਖ਼ੂਨ ਸੁਚਾ,
ਵਾੜੀ ਉਜੜੀ ਨੂੰ ਪੁਰ ਬਹਾਰ ਕਰ ਗਏ।

## ਸ੍ਰੀ ਦਸਮੇਸ ਦਰਸ਼ਨ

ਆਹਾ! ਅਜਬ ਇਕ ਰਾਤ ਨੂੰ ਖਵਾਬ ਡਿਠਾ,
ਨਜ਼ਰੀਂ ਪਿਆ ਇਕ ਮੈਨੂੰ ਜਵਾਨ ਸੋਹਣਾ।
ਕੀ ਮਜਾਲ ? ਚਨ ਸਾਹਮਣੇ ਠੈਹਰ ਜਾਵੇ,
ਹੋਸੀ ਜਿਹਾ ਕੋਈ ਵਿਚ ਜਹਾਨ ਸੋਹਣਾ।
ਕਲਗੀ ਸੀਸ ਤੇ, ਹੱਥ ਤੇ ਬਾਜ ਚਿਟਾ,
ਸੋਹਣੀ ਤੇਗ ਸੁਨੈਹਰੀ ਕਮਾਨ ਸੋਹਣਾ।
ਘੋੜੇ ਨੀਲੜੇ ਉਤੇ ਸਵਾਰ ਹੈਸੀ,
ਸਿਰ ਤੇ ਝੂਲਦਾ ਪਿਆ ਨਸ਼ਾਨ ਸੋਹਣਾ।

ਪੂਰਾ ਤੇਗ ਤਲਵਾਰ ਦਾ ਧਨੀ ਦਿਸਦਾ,
ਮੁਖੋਂ ਟਪਕਦਾ ਪਿਆ ਜਮਾਲ ਹੈਸੀ।
ਸਜੇ ਹੱਥ ਵਿਚ ਫੜਿਆ ਸੀ ਇਕ ਨੇਜ਼ਾ,
ਪਿਛੇ ਪਿੱਠ ਦੇ ਤਰਕਸ਼ ਤੇ ਢਾਲ ਹੈਸੀ।

## ਕਲਗੀ ਦੀ ਸਿਫ਼ਤ

ਆਹਾ ! ਪਰੇਮ ਦੇ ਤੀਰ ਚਲਾ ਕੇ ਤੇ;
ਕਰਦੀ ਪਰੇਮੀਆਂ ਦੇ ਦਿਲ ਫ਼ਗਾਰ ਕਲਗੀ।
ਕਾਲੀ ਘਟਾ ਅੰਦਰ ਵਾਂਙੂ ਬਿਜਲੀ ਦੇ,
ਦੇਂਦੀ ਖ਼ੂਬ ਸੀ ਪਈ ਬਹਾਰ ਕਲਗੀ।
ਸੁਚੇ ਮੋਤੀਆਂ ਦੀ ਲੜੀਦਾਰ ਕਲਗੀ,
ਨਾਲ ਹੀਰਿਆਂ ਦੇ ਜ਼ਰ ਨਿਗਾਰ ਕਲਗੀ।
ਤਕ ਕੇ ਤਾਜ ਨਰੇਸ਼ ਦਾ ਮਾਤ ਹੁੰਦਾ,
ਮਾਰੇ ਵਾਂਗ ਮਾਹਤਾਬ ਚਮਕਾਰ ਕਲਗੀ।

## ਸੁੰਦਰ ਮੁਖੜੇ ਦੀ ਸਿਫ਼ਤ

ਸੁੰਦਰ ਮੁਖੜੇ ਨੂੰ ਜਦੋਂ ਵੇਖ ਪਾਵੇ,
ਚੇਹਰਾ ਬੱਦਲਾਂ ਵਿਚ ਛਪਾਏ ਸੂਰਜ।
ਟੁਟ ਜਾਂਵਦਾ ਓਸਦਾ ਮਾਨ ਫੌਰਨ,
ਬੈਹਰੇ ਹਸਦ ਅੰਦਰ ਗੋਤੇ ਖਾਏ ਸੂਰਜ।

ਪਵੇ ਤੇਜ ਦਾ ਬਾਨ ਜਾਂ ਆਨ ਸੀਨੇ,
ਹਾਏ ਹਾਏ ਪਿਆ ਮੁਖੋਂ ਅਲਾਏ ਸੂਰਜ।
ਸਾਨੀ ਕੌਨ ਹੈ ਵਿਚ ਸਨਸਾਰ ? ਜਦ ਕਿ,
ਵੇਖ, ਵੇਖਕੇ ਪਿਆ ਸ਼ਰਮਾਏ ਸੂਰਜ।

## ਫ਼ੌਲਾਦੀ ਤੇਗ਼ ਦੀ ਸਿਫ਼ਤ

ਵੈਰੀ ਅੜਨ ਨਾ ਪਾਂਵਦਾ ਕੋਈ ਅਗੋ,
ਸੋਹਣੀ ਆਪ ਦੀ ਜਦੋਂ ਤਲਵਾਰ ਚਲਦੀ।
ਖ਼ੂਨ ਪੀਂਵਦੀ ਜਾਂਵਦੀ ਵੈਰੀਆਂ ਦਾ,
ਜ਼ੈਹਰੀ ਨਾਗ ਵਤ ਮਾਰ ਫੁਨਕਾਰ ਚਲਦੀ।
ਹੋਂਦੀ ਪਾਰ ਜਾਂਦੀ ਸੀਨੇ ਵੈਰੀਆਂ ਤੋਂ,
ਬਨ ਕੇ ਬਿਜਲੀ ਮਾਰ ਚਮਕਾਰ ਚਲਦੀ।
ਚਿਕੜ ਹੋਂਵਦਾ ਖ਼ੂਨ ਦਾ ਧਰਤ ਉਤੇ,
ਖ਼ੂਨ ਵੈਰੀਆਂ ਦੀ ਫੌਰਨ ਧਾਰ ਚਲਦੀ।

## ਨੇਜ਼ੇ ਦੀ ਸਿਫਤ

ਵੜਦਾ ਸਰਪ ਜ਼ੈਹਰੀ ਜੀਕੂੰ ਖੁਡ ਅੰਦਰ,
ਹੋਂਦਾ ਪਲਕ ਵਿਚ ਛਾਤੀਓਂ ਪਾਰ ਨੇਜ਼ਾ।
ਮਾਨੋ ਨਿਕਲਿਆਏ ਚਿਸ਼ਮਾ ਖ਼ੂਨ ਸੰਦਾ,
ਕਢੇ ਜਿਗਰ ਚੋਂ ਖ਼ੂਨ ਦੀ ਧਾਰ ਨੇਜ਼ਾ।

ਸਦਾ ਜੰਗ ਮਦਾਨ ਵਿਚ ਮਸਤ ਰੈਂਹਦਾ,
ਕਰਦਾ ਖੂਨ ਦਾ ਸਦਾ ਆਹਾਰ ਨੇਜਾ।
ਕਲਗੀ ਵਾਲਿਆ ਤੈਂਹਡੜੇ ਹਥ ਅੰਦਰ,
ਤਕ ਕੇ ਪੱੜੇ ਦੁਸ਼ਮਨ ਇਸਤ੍ਰਗਫਾਰ ਨੇਜਾ।

## ਨੀਲੇ ਘੋੜੇ ਦੀ ਸਿਫਤ

ਕੈਸਾ ਨਾਲ ਨਜ਼ਾਕਤ ਦੇ ਕਦਮ ਰਖੇ,
ਠੁਮਕ ਠੁਮਕ ਦੀ ਚਲੇ ਰਫ਼ਤਾਰ ਸੋਹਨਾ।
ਪੈਲਾਂ ਪਾਂਵਦਾ ਜਾਂਵਦਾ ਮੋਰ ਵਾਂਗੂ,
ਆਹੂ ਵੇਖ ਕੇ ਖਾਂਵਦਾ ਖਾਰ ਸੋਹਨਾ।
ਮਾਲਾ ਮੋਤੀਆਂ ਦੀ ਸੋਭਾ ਦਏ ਗਲ ਵਿਚ,
ਦੇਂਦੇ ਘੁੰਗਰੂ ਪਏ ਛਿਨਕਾਰ ਸੋਹਨਾ।
ਦੋਹਾਂ ਪਾਸਿਆਂ ਵਲ ਰਕਾਬ ਲਟਕੇ
ਹੋਰ ਸਾਜ ਸਭੋ ਚਮਕ ਦਾਰ ਸੋਹਨਾ।

## ਤੀਰ ਕਮਾਨ ਦੀ ਸਿਫ਼ਤ

ਸਾਰਾ ਜ਼ਿਮੀ ਅਸਮਾਨ ਹੈ ਕੰਬ ਜਾਂਦਾ,
ਜਦੋਂ ਗੂੰਜਦਾ ਏ ਧਨਸ਼ ਬਾਨ ਤੇਰ
ਤੀਰ ਛਡਦਾ ਸਾਵਨੀ ਝੜੀ ਵਾਂਗੂ,
ਵੈਰੀ ਹੋਂਵਦਾ ਵੇਖ ਹੈਰਾਨ ਤੇਰਾ।

ਲੈਕੇ ਮੌਤ ਦਾ ਝਟ ਪੈਗ਼ਾਮ ਆਵੇ,
ਕਢੇ ਬੁਤ ਚੋਂ ਜਾਨ ਇਕ ਬਾਨ ਤੇਰਾ।
ਮੂਹੋਂ ਏਹਾ ਹੀ ਆਖਦਾ ਜਾਂਵਦਾ ਹੈ,
'ਆਇਆ ਲੈਣ ਹਾਂ ਅਜ ਪਰਾਨ ਤੇਰਾ'।

—0—

ਚਕਰ ਚੈਹਨ ਸਾਰੇ ਜਾਂ ਪਛਾਨ ਲੀਤੇ,
ਚਿਤ ਖ਼ੁਸ਼ੀ ਸੈਰਾ ਹਦੋਂ ਬਾਹਰ ਹੋਇਆ।
ਆਹ! ਤਰਸੰਦੜੀ ਚਿਰਾਂ ਦੀ ਆਤਮਾ ਨੂੰ,
ਸਾਖਿਆਤ ਹੀ ਆਨ ਦੀਦਾਰ ਹੋਇਆ।
ਧਨ ਭਾਗ ਜਾਤੇ ਭੈੜੀ ਜਿੰਦੜੀ ਨੇ,
ਮੇਹਰਬਾਨ ਜਿਸ ਤੇ ਸਿਰਜਨਹਾਰ ਹੋਇਆ।
ਚਰਨੀ ਡਿਗਿਆ ਜਿਹਾ, ਨਾ ਗਿਆ ਉਠਿਆ,
ਅਗੋਂ ਸੁਣੋ ਕਿ ਜਿਵੇਂ ਇਜ਼ਹਾਰ ਹੋਇਆ।
ਚਰਨ ਕਵਲ ਦੀ ਮੌਜ ਵਿਚ ਮਸਤ ਹੋਇਆ,
ਭੌਰਾ ਹੋਵੇ ਜੀਕੂੰ ਗੁਲਿਸਤਾਨ ਅੰਦਰ।
ਲੜੀ ਪ੍ਰੇਮ ਦੀ ਜਿਵੇਂ ਚਕੋਰ ਜੋੜੇ
ਚੰਦਰ ਚਮਕਦਾ ਵੇਖ ਅਸਮਾਨ ਅੰਦਰ।
ਮਾਹੀ ਤੜਪਦੀ ਨੂੰ ਜੀਕੂੰ ਨੀਰ ਮਿਲਦਾ,
ਤਾਂਹੀਓਂ ਜਾਨ ਆਂਦੀ ਬਿਸਮਿ ਜਾਨ ਅੰਦਰ।
ਲਗੀ ਚਾਹ ਕਿ ਚਰਨਾ ਦੀ ਖਾਕ ਹੋਵਾਂ,
ਮਤਾਂ ਮਾਨ ਮਿਲ ਜਾਇ ਜਹਾਨ ਅੰਦਰ।

# ਮੇਰੀ ਅਰਜ਼

ਤੁਸਾਂ ਪਿਤਾ ਜੀ ਕੀਤਾ ਇਕਰਾਰ ਹੈ ਸੀ,
ਵੇਲੇ ਦੁਖਾਂ ਦੇ ਆਨ ਬਚਾਵਸਾਂ ਮੈਂ।
ਜੇਹੜਾ ਤੁਸਾਂ ਨੂੰ ਆਨ ਕੇ ਕਸ਼ਟ ਦੇਸੀ,
ਰਸਤਾ ਅਦਮ ਦਾ ਉਹ ਨੂੰ ਦਿਖਾਵਸਾਂ ਮੈਂ।
ਜਾਨ ਪਿਤਾ ਦੀ ਪੰਥ ਤੋਂ ਵਾਰ ਦੇਸਾਂ,
ਅਖਾਂ ਸਾਹਮਣੇ ਪੁਤ ਕੁਹਾਵਸਾਂ ਮੈਂ।
ਹਸਤੀ ਜਾਲਮ ਦੀ ਫੌਰਨ ਮੇਟ ਦੇਸਾਂ,
ਜਾਨ 'ਲਈ ਮਜ਼ਲੂਮ ਲੜਾਵਸਾਂ ਮੈਂ'।

———o———

ਕਿਹੜਾ ਜ਼ੁਲਮ ਜੋ ਅਸਾਂ ਤੇ ਨਹੀਂ ਹੋਇਆ,
ਦੋ ਸੌ ਵੀਰ ਮਹੰਤ ਨੇ ਮਾਰਿਆ ਨਹੀਂ ?
ਹਾਏ ਟੰਗਿਆ ਨਹੀਂ ਨਾਲ ਬੇਰੀਆਂ ਦੇ,
ਭਠੀ ਵਿਚ ਦਲੀਪ ਨੂ ਸਾੜਿਆ ਨਹੀਂ ?
ਉਲਟਾ ਅਸਾਂ ਨੂ ਮੁਜਰਮ ਬਨਾਕੇ ਤੇ,
ਅੰਦਰ ਜੇਹਲ ਦੇ ਜ਼ਾਲਮਾਂ ਵਾੜਿਆ ਨਹੀਂ ?
ਮੈਨੂੰ ਦਸ ਖਾਂ ਕਲਗੀਆਂ ਵਾਲਿਆ ਵੇ,
ਕੋਈ ਜ਼ੁਲਮ ਜੋ ਅਸਾਂ ਸਹਾਰਿਆ ਨਹੀਂ ?
ਲਗੀ ਨਹੀਂ ਸੀ ਦਿਲੇ ਤੇ ਚੋਟ ਹਾਇ,
ਰਕਾਬ ਗੰਜ ਦੀ ਗਿਰੀ ਦੀਵਾਰ ਜਦ ਕਿ ?

ਬਜ ਬਜ ਘਾਟ ਤੇ ਜਦੋਂ ਜਹਾਜ਼ ਡੁਬਾ,
ਤੇਰੇ ਪੁਤ ਸੀ ਹੋਇ ਸ਼ਿਕਾਰ ਜਦ ਕਿ।
ਪਤਤ ਕਰਨ ਦੇ ਜਦੋਂ ਸੀ ਜਤਨ ਹੋਇ,
ਖੋਹੀ ਤੁਧ ਦੀ ਦਾਤ ਤਲਵਾਰ ਜਦ ਕਿ।
ਪੰਥ ਰਤਨ ਜਥੇਦਾਰ ਖੜਕ ਸਿੰਘ ਦੀ,
ਲਥੀ ਜੇਹਲ ਦੇ ਵਿਚ ਦਸਤਾਰ ਜਦ ਕਿ।
ਤਾਜ਼ਾ ਜ਼ਖ਼ਮ ਹੈ ਗੁਰੂ ਦੇ ਬਾਗ਼ ਵਾਲਾ
ਬੀਟੀ ਲਾਇ ਕਲੇਜੜਾ ਸੱਲ ਗਿਆ।
ਮ ਰ ਸੋਟਿਆਂ ਨਾਲ ਬੇਹੋਸ਼ ਕੀਤਾ,
ਤੇਰਾ ਸਿੰਘ ਜੋ ਬਾਗ਼ ਦੇ ਵੱਲ ਗਿਆ।
ਕੀਤੇ ਵਾਰ ਚੁਪ ਬੈਠਿਆਂ ਸੂਰਿਆਂ ਤੇ,
ਦਸ ਕਿ ਅਪਨੀ ਬਾਂਹ ਦਾ ਬੱਲ ਗਿਆ।
ਦੇਖ ਦੇਖ ਕਿ ਪਾਪ ਇਹ ਪਾਪੀਆਂ ਦੇ,
ਸਾਰੇ ਜਗਤ ਵਿਚ ਮਚ ਤਰਥੱਲ ਗਿਆ।
ਕੁੱਟ ਕੁੱਟ ਬਾਹਾਂ ਜਦੋਂ ਚੂਰ ਹੋਈਆਂ,
ਜੇਹਲਾਂ ਭਰਨ ਦੇ ਵਲ ਧਿਆਨ ਕੀਤਾ।
ਛੇ ਹਜ਼ਾਰ ਆਹ ਪੁਤ ਬੇਦੋਸ਼ ਤੇਰਾ,
ਪਕੜ ਜੇਹਲ ਦੇ ਵਿਚ ਰਵਾਨ ਕੀਤਾ।
ਘਲੇ ਕਈ ਮੀਆਂ ਵਾਲੀ ਮਿੰਟਗੁਮਰੀ,
ਚੜ੍ਹਿਆ ਹਥ ਜੇਹੜਾ ਬੰਦੀਵਾਨ ਕੀਤਾ।

ਨਾਹਰਾ ਲਾਂਦਿਆਂ ਪੁਠਿਆਂ ਜਕੜ ਦਿਤਾ,
ਕੇਸ ਪੁਟ ਸਾਡਾ ਅਪਮਾਨ ਕੀਤਾ।
ਅਗੇ ਜਕੜ ਕੇ ਕੋਹਲੂਆਂ ਚਕੀਆਂ ਦੇ,
ਜ਼ਾਲਮ ਖੂਨ ਨਚੋੜ ਕੇ ਪੀਂਵਦੇ ਪਏ।
ਹੋਇਆ ਮੁਰਦਿਆਂ ਦੇ ਨਾਲੋਂ ਹਾਲ ਭੈੜਾ,
ਆਕੇ ਵੇਖ ਜੋ ਜੇਹਲ ਵਿਚ ਜੀਂਵਦੇ ਪਏ।
ਖੜਕ ਸਿੰਘ ਵਰਗੇ ਨੰਗੇ ਬੈਠ ਕੇ ਤੇ,
ਧੂਨੀ ਨਾਮ ਤੇਰੇ ਦੀ ਤਪੀਂਵਦੇ ਪਏ।
ਹੀਰਾ, ਹਰੀ, ਰੰਧੀਰ, ਸਰਦੂਲ, ਬਾਬਾ,
ਤੇਰੇ ਨਾਮ ਤੋਂ ਖਨੀਆਂ ਥੀਂਵਦੇ ਪਏ।

## ਕਲਗੀਆਂ ਵਾਲੇ ਦਾ ਅਰਸ਼ਾਦ ਪੰਥ ਪ੍ਰਤੀ

ਮੇਰੀ ਕੌਮ ਤੇਰੇ ਅੰਗ ਸੰਗ ਹਾਂ ਮੈਂ,
ਕੇਹੜਾ ਜਮਿਆਂ ਤੈਨੂੰ ਸਤਾਨ ਵਾਲਾ ?
ਦੇਵੇ ਦੁਖ ਤੈਨੂੰ ਕੀ ਮਜਾਲ ਉਹਦੀ,
ਜੂਠੇ ਟੁਕੜੇ ਤੇਰੇ ਹੀ ਖਾਨ ਵਾਲਾ ?
ਆਪ ਲਿਆ ਹੈ ਮੈਂ ਇਮਤਿਹਾਨ ਤੇਰਾ,
ਮੈਂ ਹਾਂ ਆਪ ਤੈਨੂੰ ਅਜ਼ਮਾਨ ਵਾਲਾ।
ਡਿਠਾ ਸਿਦਕ ਤੇਰਾ ਸੀਨੇ ਠੰਡ ਪੈ ਗਈ,
ਵਾਹ! ਵਾਹ!! ਖਾਲਸਾ ਹੈ ਉਚੀ ਸ਼ਾਨ ਵਾਲਾ।

ਸੁਤਾ ਦੇਖ ਤੈਨੂੰ ਡਾਢੀ ਨੀਂਦ ਅੰਦਰ,
ਚੋਜ ਆਪਣਾ ਆਪ ਵਰਤਾਇਆ ਮੈਂ।
ਬਜ ਬਜ ਘਾਟ ਤੇ ਆਈ ਨਾ ਹੋਸ਼ ਤੈਨੂੰ,
ਦਿਲੀ ਵਿਚ ਆ ਮੋਰਚਾ ਲਾਇਆ ਮੈਂ।
ਝੂਨਾ ਮਾਰ ਨਨਕਾਣੇ ਦੇ ਵਿਚ ਤੈਨੂੰ,
ਘੂਕ ਸੁਤੜੇ ਤਾਂਈਂ ਜਗਾਇਆ ਮੈਂ।
ਜੇਹੜੀ ਕਸਰ ਸੀ ਉਸਨੂੰ ਕਢਣੇ ਲਈ,
ਬਾਗ਼ ਪਿਤਾ ਦੇ ਮੋਰਚਾ ਲਾਇਆ ਮੈਂ।
ਭੁਲ ਗਿਆ ਸੀਗਾ ਤੈਨੂੰ ਬਚਨ ਮੇਰਾ,
ਦੂਜੀ ਵਾਰ ਫਿਰ ਯਾਦ ਕਰਵਾਇਆ ਮੈਂ।
ਪਰਖਨ ਵਾਸਤੇ ਤੁਧ ਦਾ ਸਿਦਕ ਪੱਕਾ,
ਅੰਦਰ ਜੇਹਲ ਦੇ ਕਸ਼ਟ ਦਵਾਇਆ ਮੈਂ।
ਬੇੜੀ ਜ਼ੁਲਮ ਦੀ ਅਜੇ ਨਹੀਂ ਭਰੀ ਸੀਗੀ,
ਉਹਨੂੰ ਬੀਟੀ ਦੀ ਰਾਹੀਂ ਭਰਾਇਆ ਮੈਂ।
ਡੋਬਨ ਵਾਸਤੇ ਸ਼ਹੁ ਦਰਯਾ ਅੰਦਰ,
ਜਾਨ ਆਇਆ ਕਿ ਹੁਣ ਆਇਆ ਮੈਂ।
ਲੈ ਹੁਣ ਸਮਝ ਮੁਸੀਬਤਾਂ ਦੂਰ ਹੋਈਆਂ,
ਵਧਸੀ ਰੋਜ਼ ਬਰੋਜ਼ ਇਕਬਾਲ ਤੇਰਾ।
ਤੇਰੇ ਸਿਰੇ ਉਤੇ ਸਦਾ ਹਥ ਰਖਸਾਂ,
ਵਿੰਗਾ ਹੋਣ ਨਾ ਦੇਵਸਾਂ ਵਾਲ ਤੇਰਾ।

ਰਾਜ਼ ਆਵਸੀ ਜ਼ੁਲਮ ਤੋਂ ਆਪ ਜ਼ਾਲਮ,
ਵਧਦਾ ਵੇਖਿਆ ਜਦੋਂ ਇਕਬਾਲ ਤੇਰਾ।
ਸੀਨਾ ਦੁਸ਼ਮਨਾਂ ਦਾ ਝਟ ਹਿਲਾ ਦੇਸੀ,
ਨਾਹਰਾ ਇਕ ਸਤਿ ਸ੍ਰੀ ਅਕਾਲ ਤੇਰਾ।
ਏਥੇ ਠਹਿਰਨਾ ਨਹੀਂ ਇਸ ਦੇਰ ਬਹੁਤੀ,
ਇਹਦਾ ਅੰਨ ਪਾਣੀ ਏਥੋਂ ਚਲ ਗਿਆ।
ਦੋਹਾਂ ਦਿਨਾਂ ਦਾ ਹੈ ਏ ਮਹਿਮਾਨ ਜ਼ਾਲਮ,
ਜੇਕਰ ਅਜ ਨਾ ਗਿਆ ਤਾਂ ਕਲ੍ਹ ਗਿਆ।
ਕਦਮ ਰਾਸਤੀ ਦਾ ਕਦੇ ਫਿਸਲਨਾ ਨਹੀਂ,
ਪੈਰ ਦਗ਼ਾ ਫਰੇਬ ਦਾ ਹਲ ਗਿਆ।
ਪੱਟੀ ਨੀਂਹ ਤੁਸਾਡੀ ਕੁਰਬਾਨੀਆਂ ਨੇ,
ਖ਼ੂਨ ਤੁਸਾਂ ਦਾ ਨਹੀਂ ਅਫੱਲ ਗਿਆ।
ਇਤਨੇ ਵਿਚ ਚਮਕੀ ਬਿਜਲੀ ਫਲਕ ਉਤੋਂ,
ਮੇਰੀ ਅਖੀਆਂ ਨੂੰ ਚੁੰਧਿਆ ਦਿਤਾ।
ਪਰਦਾ ਹੋਵੇ ਡਰਾਪ ਜਿਤ੍ਹੰ ਵਿਚ ਥੈਟਰ,
ਨਵਾਂ ਹੋਰ ਹੀ ਰੰਗ ਬਦਲਾ ਦਿਤਾ।
ਕਲਗ਼ੀ ਵਾਲੜਾ ਆਹ ਦਸਮੇਸ਼ ਮੇਰਾ,
ਮੇਰੀ ਅਖੀਓਂ ਦੂਰ ਲੁਕਾ ਦਿਤਾ।
ਜਦੋਂ ਵੇਖ ਚੁਕਾ ਨਵੀਂ ਹੋਈ ਹਾਲਤ,
ਅਖਾਂ ਨੀਰ ਵਾਲਾ ਛਹਿਬਰ ਲਾ ਦਿਤਾ।

# ਨਾਭਾ ਫੁਲਵਾੜੀ ਦੇ ਹਾਲ

ਦਿਲ ਚਾਹੁੰਦਾ ਹੈ ਮੋਹਰਾ ਖਾ ਮਰੀਏ
ਲੋਕੀ ਕੇਹਨ ਸਾਨੂ ਅਣਖ ਆਨ ਵਾਲੇ,
ਅਪਨੇ ਨਾਮ ਨੂੰ ਦਾਗ਼ ਲਵਾ ਮਰੀਏ।
ਹਾਏ ਹਾਏ ਨਾਭਾ ਅਧੀਰਾਜ ਤਾਂਈ,
ਪੰਜੇ ਗ਼ੈਰ ਦੇ ਵਿਚ ਫਸਾ ਮਰੀਏ।
ਟੁਕੜਾ ਜਿਗਰ ਦਾ ਜਿਗਰ ਤੋਂ ਵਖ ਹੋਵੇ,
ਸੀਨੇ ਤੀਰ ਵਛੋੜੇ ਦਾ ਖਾ ਮਰੀਏ।
ਗ਼ਫ਼ਲਤ ਵਿਚ ਪੰਜਾਬ ਖੋਹਾਇਆ ਸੀ,
ਅਖੀਂ ਵੇਖ ਨਾਭਾ ਵੀ ਖੋਹਾ ਮਰੀਏ।
ਹੋਵੇ ਬੇਪਤੀ ਸਾਡੀਆਂ ਰਾਨੀਆਂ ਦੀ,
ਅਪਨੀ ਲਾਜ ਨੂੰ ਹਥ ਪਵਾ ਮਰੀਏ।
ਕੁਰਸੀ ਡਾਹਿ ਕੇ ਵਿਚ ਦੀਵਾਨ ਬੈਠਨ,
ਹਾਏ ਏਡ ਅਪਮਾਨ ਕਰਾ ਮਰੀਏ।
ਪਕਾ ਬਾਗ ਵੀਰਾਨ ਕਰਵਾ ਮਰੀਏ,
ਹੀਰਾ ਮੈਹਲ ਨੂ ਜੰਦਰੇ ਲਾ ਮਰੀਏ।
ਧਰਿਗਕਾਰ ਅਸਾਡੜੇ ਜੀਵਨੇ ਤੇ,
ਕਿਓਂ ਨਾ ਏਸ ਨਾਲੋਂ ਮੌਹਰਾ ਖਾ ਮਰੀਏ।
ਤਪ ਦਿਕ ਪਲੇਗ ਤੋਂ ਮਰਨ ਨਾਲੋਂ,

ਕਿਉਂ ਨਾ ਯਾਰ ਸ਼ਹੀਦੀਆਂ ਪਾ ਮਰੀਏ।
ਸ਼ਮਾਂ ਕੌਮ ਦੀ ਅਣਖ ਦੀ ਹੋਈ ਰੋਸ਼ਨ,
ਕੀਓਂ ਨਾ ਏਸ ਤੋਂ ਅੰਗ ਜਲਾ ਮਰੀਏ।
ਪੰਥਕ ਸ਼ਾਨ ਤੋਂ ਜਿੰਦੜੀ ਵਾਰ ਦੇਈਏ,
ਨਾਭਾ ਪਤੀ ਤੋਂ ਘੋਲ ਘੋਮਾ ਮਰੀਏ।
ਹੋ ਕੇ ਖਾਕ ਜਾਂ ਖਾਕ ਦੇ ਵਿਚ ਰਲੀਏ,
ਜਾਂ ਫਿਰ ਪਾਪ ਦੀ ਅਲਖ ਮੁਕਾ ਮਰੀਏ।
ਨਾਭਾ ਪਤੀ ਨੂੰ ਤਖਤ ਬਠਾਲ ਲਈਏ,
ਉਹਦੇ ਦਰ ਉਤੇ ਨਹੀਂ ਤਾਂ ਜਾ ਮਰੀਏ।
ਗੋਲੀ ਸੰਦੜੀ ਲਗੀ ਹੋਈ ਝੜੀ ਅਰੇ,
ਬਟਨ ਖੋਹਲ ਕੇ ਛਾਤੀਆਂ ਡਾਹ ਮਰੀਏ।
ਨਾਲ ਪਿਆਰ ਦੇ ਦਾਰ ਤੇ ਲਟਕ ਜਾਈਏ,
ਅੱਗ ਵੇਟ ਏਹ ਜਿਸਮ ਛੁੱੜਾ ਮਰੀਏ।
ਏਹ ਭੀ ਹੋ ਨਾ ਸਕੇ ਦਲਜੀਤ ਜੇਕਰ,
ਚੰਗਾ ਹੋਵੇ ਸਾਰੇ ਮੌਹਰਾ ਖਾ ਮਰੀਏ।

## ਪੰਛੀ ਫਸਿਆ ਜਾਲ ਸ਼ਕਾਰੀਆਂ ਦੇ

(ਇਹ ਕਵਤਾ ਸ੍ਰੀ ਚਿਸ਼ਮਾਂ ਸਾਹਿਬ ਰੋਹਤਾਸ ਦੇ ਕਵੀ ਦਰਬਾਰ ਵਿਖੇ ਪੜ੍ਹ ਕੇ ਅੱਵਲ ਇਨਾਮ ਪਰਾਪਤ ਕੀਤਾ)

ਜਾਮਾ ਪੈਹਨ ਕੇ ਮਾਤਮੀ ਕਹੇ ਕੋਇਲ
ਠੰਡੀਆਹੀਆਂ ਤੇ ਨਾਲ ਜ਼ਾਰੀਆਂ ਦੇ।

'ਟੁਟੀ ਡੋਰ ਅਰਸ਼ੋਂ ਸਾਡੀ ਗੁਡੀਆਂ ਦੀ,
ਦਸਾਂ ਹਾਲ ਕੀ ਕਿਸਮਤਾਂ ਹਾਰੀਆਂ ਦੇ।
ਪੁਰ ਬਹਾਰ ਸੀਗਾ ਗੁਲਿਸਤਾਨ ਨਾਭਾ,
ਸੀਗੇ ਅਜਬ ਹੀ ਰੰਗ ਕਿਆਰੀਆਂ ਦੇ।
ਅੰਬ, ਮੋਤੀਆ, ਕਿਤੇ ਰਵੇਲ ਸੀਗੀ,
ਖਿੜੇ ਫੁਲ ਸੀਗੇ ਕਿਸਮਾਂ ਸਾਰੀਆਂ ਦੇ।
ਭੌਰ, ਬੁਲ ਬੁਲਾਂ ਮਸਤਅਲਮਸਤ ਹੋਈਆਂ,
ਦਿਲੋਂ ਕਡ ਕੇ ਖ਼ੌਫ਼ ਸ਼ਿਕਾਰੀਆਂ ਦੇ।
ਚੈਹ ਚਹੋਨ ਸਭ ਮਿਠੀਆਂ ਸੁਰਾਂ ਲਾਕੇ,
ਸੈਰ ਕਰਦੀਆਂ ਨਾਲ ਉਡਾਰੀਆਂ ਦੇ।
ਅਚਨ ਚੇਤ ਜਾਂ ਸੁਬਾ ਨੂੰ ਅਖ ਖੁਲ੍ਹੀ,
ਸੁਨ ਕਿ ਸ਼ੋਰ ਆਹਾਂ ਅਤੇ ਜ਼ਾਰੀਆਂ ਦੇ।
ਡਿਠਾ ਕੀ ਕਿ ਚਮਨ ਦੇ ਵਿਚ ਸਾਰੇ,
ਲਗੇ ਸ਼ਾਮੇਆਨੇ ਨੇ ਸ਼ਕਾਰੀਆਂ ਦੇ।
ਫੜ ਕੇ ਤੀਰ ਕਮਾਨ ਸਭ ਟੈਹਲਦੇ ਸੀ,
ਹੋਏ ਮਸਤ ਪੀ ਜਾਮ ਖੁਮਾਰੀਆਂ ਦੇ।
ਬਾਗ ਲੁਟਨਾ ਝਟ ਆਰੰਭ ਦਿਤਾ,
ਸੋਹਨੇ ਫੁਲ ਚੁਨ ਲਏ ਕਿਆਰੀਆਂ ਦੇ।
ਜਿਥੇ ਜਿਥੇ ਵੀ ਕੋਈ ਸੀ ਨਜ਼ਰ ਆਇਆ,
ਫੋਲੇ ਆਹਲਨੇ ਆਨ ਵਿਚਾਰੀਆਂ ਦੇ।

ਸਿਰ ਤੇ ਅਸਾਂ ਨਿਮਾਨੀਆਂ ਬੁਲ ਬੁਲਾਂ ਦੇ,
ਸਿਟੇ ਭਾੜ ਮੁਸੀਬਤਾਂ ਭਾਰੀਆਂ ਦੇ।
ਸਾਰੇ ਟਾਹਨ ਗੁਲਾਬ ਦੇ ਤੋੜ ਲੀਤੇ,
ਨਾਲ ਤਿਖੀਆਂ ਕਾਤੀਆਂ ਆਰੀਆਂ ਦੇ।
ਉਹ ਆਜ਼ਾਦ ਉਡਾਰੀਆਂ ਲਾਨ ਵਾਲਾ,
ਪੰਛੀ ਫ਼ਸਿਆ ਜਾਲ ਸ਼ਕਾਰੀਆਂ ਦੇ।
ਕਿਉਂਨਾ ਪੀਂਘ ਭੁਲੇ ਸੁਖ ਦੀ ਨੀਂਦ ਭੁਲੇ,
ਭੁਲਨ ਹੋਰ ਖਿਆਲ ਨਿਘਾਰੀਆਂ ਦੇ।
ਕਿਉਂ ਨਾ ਆਹਲਨੇ ਕੰਡਿਆਂ ਵਾਂਗ ਚੁਬਨ,
ਜਲਨ ਜਿਗਰ ਕਿਉਂਨ ਅਸਾਂ ਸਾਰੀਆਂ ਦੇ।

ਕੀਤਾ ਹਾਸਦਾਂ ਤਖਤ ਵੀਰਾਨ ਸਾਡਾ

ਤਾਰੇ ਰੋਏ ਕੇ ਫ਼ਲਕ ਤੋਂ ਆਖਦੇ ਨੇ,
'ਸੁਨਨਾ ਦਰਦੀਓ ਜ਼ਰਾ ਬਿਆਨ ਸਾਡਾ।
ਕੀ ਹੈ ਚਾਨਨਾ ਅਸਾਂ ਸਤਾਰਿਆਂ ਦਾ,
ਜਦ ਕਿ ਚੰਨ ਨਹੀਂ ਏ ਦਰਮਿਆਨ ਸਾਡਾ।
ਭੌਰੇ ਹੋਏ ਬੋਰੇ ਕੈਂਹਦੇ 'ਮੌਤ ਚੰਗੀ,
ਟੁਟਾ ਹਾਏ ਗੁਲਾਬ ਦਾ ਟਾਹਨ ਸਾਡਾ'।
ਗਲੀ ਗਲੀ ਰਾਹੀਆਂ ਪਾਸੋਂ ਫੁਲ ਪੁਛਨ,
'ਕਿਸੇ ਵੇਖਿਆ ਨਹੀਂ ਬਾਗਬਾਨ ਸਾਡਾ' ?

# ਗੋਰੇ ਰੰਗ ਦੀਆਂ ਚਾਲਾਂ ਦੀ ਅਜ ਸਾਨੂ ਹੈ ਸਾਰ ਹੋਈ

(ਤਰਜ਼) ਪ੍ਰੀਤਮ ਤੇਰੀਆਂ ਗਲੀਆਂ ਅੰਦਰ ਲੋਥਾਂ ਦੀ ਭਰਮਾਰ ਹੋਈ।

ਚੇਤੇ ਕਰ ਉਹ ਵੇਲਾਜਦਕਿਘਟਾਜਰਮਨੀ ਛਾਈ ਸੀ।
ਬਦਲ ਕੜਕੇ ਬਿਜਲੀ ਚਮਕੇ ਤੇਰੀਜਾਨ ਕੰਬਾਈ ਸੀ।
ਕੀਕੂੰ ਵਾਰ ਖਾਲਸੇ ਜਾਨਾਂ ਤੇਰੀ ਜਾਨ ਬਚਾਈ ਸੀ।
ਜਾਕੇ ਵਿਚ ਮੈਦਾਨਜੰਗਦੇ ਲਹੂਦੀ ਨਦੀ ਵਹਾਈ ਸੀ।
ਮਿੱਠੀਆਂ ਤੇਰੀਆਂ ਗਲਾਂ ਉਤੇਸਾਰੀ ਕੌਮ ਨਸਾਰ ਹੋਈ।
ਗੋਰੇ ਰੰਗ ਦੀਆਂ ਚਾਲਾਂ ਦੀ ਅੱਜ ਸਾਨੂ ਹੈ ਸਾਰ ਹੋਈ।
ਮਤਲਬ ਜਦ ਕਿ ਹੋਯਾ ਪੂਰਾ ਵੈਹਦੇ ਸਾਰੇ ਤੋੜ ਦਿਤੇ।
ਭਾਰਤਦੇ ਇਸ ਖਿੜੇ ਚਮਨ'ਚੋਂ ਖਿੜਦੇ ਫੁਲ ਮੋੜ ਦਿਤੇ।
ਪਾਲੇ ਨਾਲ ਲਾਡ ਦੇ ਬੇਟੇ ਮਾਈਆਂ ਪਾਸੋਂ ਤੋਰ ਦਿਤੇ।
ਪਾਕੇ ਵਿਚ ਕਾਨੂਨ ਸਕੰਜੇ ਗੋਡੇ ਹਡ ਮਰੋੜ ਦਿਤੇ।
ਸਾਹ ਨਕ ਵਿਚਕੀਤਾਸ ਡੀ ਜ਼ਿੰਦਗੀ ਵੀਦੁਸ਼ਵਾਰ ਹੋਈ।
ਗੋਰੇ ਰੰਗ.. ... ... ... ... ... ... ...

ਬਾਗ ਜਲਿਆਂ ਦੇ ਵਿਚ ਹਾਏ ਖ਼ੂਨ ਸੰਦੜੀ ਧਾਰ ਚਲੀ।
ਹਾਏ ਨਿਹੱਥੇ ਹਿੰਦੀਆਂ ਉਤੇ ਗੁਸੇ ਭਰੀ ਕਟਾਰ ਚਲੀ।

ਲਾਂਹਦੀਗਈਧੜਾਂਤੋਂ ਸਿਰਜਦ ਡਾਇਰਦੀਤਲਵਾਰਚਲੀ।
ਛਡਕਿ ਰੂਹ ਗੁਲਾਮ ਪਿੰਜਰਾ ਵਲ ਅਕਾਸ਼ ਸਧਾਰ ਚਲੀ।
ਦਿਤਾ ਰੌਲਟ ਬਿੱਲ ਜਦੋਂ ਕਿ ਮੇਹਰਬਾਨ ਸਰਕਾਰ ਹੋਈ।
ਗੋਰੇ ਰੰਗ... ... ... ... ... ... ... ...

## ਲਾਇਆ ਪਿਤਾ ਨੇ ਪੂਰਬ ਸ਼ਹੀਦੀਆਂ ਦਾ

ਹਾਂ ਦਲਜੀਤ ਅਕਾਲੀਆ ਛਡ ਗ਼ਫਲਤ
ਅਖਾਂ ਖੋਹਲ ਤੇ ਜਰਾ ਬੇਦਾਰ ਹੋ ਜਾ।
ਫੜ ਕੇ ਸ਼ਾਂਤ ਦੀ ਤੇਗ ਮੈਦਾਨ ਆਜਾ,
ਕੋਨਾ ਕਫ਼ਸ ਦਾ ਛਡ ਕੇ ਬਾਹਰ ਹੋ ਜਾ।
ਸਿਰੋਂ ਸਟ ਗੁਲਾਮੀ ਦੀ ਛਟ ਲਾਹ ਕੇ,
ਸੇਵਾ ਕੌਮ ਦੇ ਲਈ ਤਯਾਰ ਹੋ ਜਾ।
ਕੌਮੀ ਆਨ ਤੇ ਸ਼ਾਨ ਦੀ ਸ਼ਮਾਂ ਉਤੋਂ,
ਤੂੰ ਵੀ ਵਰਨਾ ਵਾਂਗ ਨਿਸਾਰ ਹੋ ਜਾ।
ਜਾ ਕੇ ਜਫੀਆਂ ਪਾਏ ਲੈ ਭਾਈਆਂ ਨੂੰ,
ਕੋਠੀ ਜੇਹਲ ਮੁਲਤਾਨ ਦੀ ਮਲ ਤੂੰ ਭੀ।
ਮੁਫ਼ਤ ਵਿਚ ਹੀ ਲਹੂ ਲਗਾ ਕੇ ਤੇ;
ਜਥੇ ਵਿਚ ਸ਼ਹੀਦਾਂ ਦੇ ਰਲ ਤੂੰ ਭੀ।
ਰਖੀਂ ਯਾਦ, ਸਿਰ ਤਲੀ ਤੇ ਰਖਦਾ ਏ,
ਜੇਕਰ ਮਿਤਰ ਪਿਆਰੇ ਦੀ ਗਲੀ ਜਾਵੇ।
ਕਦਮ ਪਿਛਾਂ ਨਾ ਮੂਲ ਹਟਾਂਵਦਾ ਏ,

ਦੇਹੀ ਨਾਲ ਗੋਲੀ ਚਾਹੇ ਸਲੀ ਜਾਵੇ।
ਅੰਗ ਅੰਗ ਦਾ ਕਰੇ ਜਲਾਦ ਕੀਮਾਂ,
ਭਠੀ ਵਿਚ ਚਾਹੇ ਜਿੰਦ ਤਲੀ ਜਾਵੇ।
ਪਾਕੇ ਸ਼ਾਂਤ ਦਾ ਨੀਰ ਬੁਝਾਵਦਾ ਏ,
ਲਟ ਲਟ ਕੈਹਰ ਦੀ ਅਗ ਖਾਹ ਬਲੀ ਜਾਵੇ।
ਜਦੋਂ ਵਿਚ ਮੈਦਾਨ ਦੇ ਚਲੇ ਗੋਲੀ,
ਮੌਤ ਵੇਖ ਕੇ ਘਟੇ ਨਾ ਦਿਲ ਤੇਰਾ।
ਸ਼ੇਰਾਂ ਵਾਂਗ ਲਲਕਾਰ ਕੇ ਵਧੇ ਅਗੇ,
ਹਟੇ ਪੈਰਨਾ ਪਿਛਾਂ ਇਕ ਤਿਲ ਤੇਰਾ।
ਮੰਡੀ ਵਿਚ ਜੈਤੋ ਪਿਆ ਹੋਵੇ ਸੌਦਾ,
ਸਿਰਾਂ ਧੜਾਂ ਦਾ ਤੂੰ ਵੀ ਵਪਾਰ ਕਰ ਲੈ।
ਲੰਗਰ ਚੁਕਿਆ ਜਾਣ ਜਹਾਜ਼ ਵਾਲਾ,
ਜਲਦੀ ਨਾਲ ਭੌਜਲ ਤਾਂਈ ਪਾਰ ਕਰ ਲੈ।
ਇਸ ਬੇਕੀਮਤੇ ਖਾਕ ਦੇ ਬੁਤ ਤਾਂਈ,
ਹੀਰੇ ਪਨਿਆਂ ਵਿਚ ਸ਼ੁਮਾਰ ਕਰ ਲੈ।
ਸਮਾਂ ਮੁਫਤ ਨਾ ਪਿਆ ਵੰਜਾ ਹਥੋਂ
ਸਿਰੋਂ ਦੂਰ ਜਮ ਡੰਡ ਦੀ ਮਾਰ ਕਰ ਲੈ।
ਜਿਸਦੇ ਲਈ ਰਿਖ ਮੁਨੀ ਤੱਪ ਹਾਰੇ,
ਪਲਕ ਵਿਚ ਦਰਜਾ ਉਹਾ ਲਭਦਾ ਈ।
ਲਾਇਆ ਪਿਤਾ ਨੇ ਪੂਰਬ ਸ਼ਹੀਦੀਆਂ ਦਾ,

ਤੇਰੇ ਲਈ, ਵੇਲਾ ਏਹਾ ਫਬਦਾ ਈ।
ਕਦੋਂ ਤੀਕ ਰਹਿਸੇਂ ਮਿਠੀ ਨੀਂਦ ਸੁਤਾ,
ਉਮਰ ਗ਼ਫ਼ਲਤਾਂ ਵਿਚ ਗੁਜ਼ਾਰਸੇਂ ਤੂੰ ?
ਕਿਥੇ ਗਿਆ ਹੈ ਗੁਰੂ ਦਸਮੇਸ ਤੇਰਾ,
ਗੈਰਾਂ ਸੰਦੜੇ ਬੋਲ ਸਹਾਰਸੇਂ ਤੂੰ।
ਭੁਲਸੀ ਕਦੋਂ ਤਕ ਵੀਰ 'ਦਲੀਪ' ਤੈਨੂੰ,
ਲਛਮਨ ਸਿੰਘ ਨੂ ਪਿਆ ਵਸਾਰਸੇ ਤੂੰ।
ਜੋਸ਼ ਮਾਰਸੀ ਖੂਨ ਕਦ ਬੀਰਤਾ ਦਾ,
ਬੂਕਲ ਵਿਚ ਝਾਤੀ ਕਦੋਂ ਮਾਰਸੇਂ ਤੂੰ।
ਖੌਫ ਮੌਤ ਦਾ ਦਿਲੋਂ ਵਿਸਾਰ ਕੇ ਤੇ,
ਪਹਿਲੋਂ ਕਢ ਕੇ ਤਲੀ ਤੇ ਜਾਨ ਰਖ ਲੈ।
ਗੋਤੇ ਖਾਇਕੇ ਜ਼ੁਲਮ ਤੂਫਾਨ ਅੰਦਰ,
ਹੁੜ੍ਹਦੀ ਜਾਂਵਦੀ ਧਰਮ ਦੀ ਸ਼ਾਨ ਰਖ ਲੈ।
ਜ਼ਿੰਦਾ ਰਹਿਓਂ ਪਾਸੇਂ ਸੋਭਾ ਜਗਤ ਅੰਦਰ,
ਨਿਕਲੀ ਜਾਨ ਤੇ ਹਰੀ ਦਵਾਰ ਜਾਸੇਂ।
ਪਾਸੇਂ ਮਾਨ ਜੇਕਰ ਜਿੰਦਾ ਰਿਹੋਂ ਨਹੀਂ ਤਾਂ
ਚਰਨਾ ਪਿਤਾ ਦੇ ਵਿਚ ਪਧਾਰ ਜਾਸੇਂ
ਲਛਮਨ ਅਤੇ ਦਲੀਪ ਦੇ ਨਾਲ ਰਲਸੇਂ
ਜਥੇ ਵਿਚ ਹੋ ਤੂੰ ਵੀ ਸ਼ੁਮਾਰ ਜਾਸੇਂ।
ਹਥਾਂ ਵਿਚ ਲਡੂ ਹੈਨ ਦੋਏ ਪਾਸੇ

ਇਕ ਪੰਥ ਦੋ ਕਾਜ ਸਵਾਰ ਜਾਸੇਂ
ਹਾਂ 'ਦਲਜੀਤ' ਛਡ ਸੋਚ ਵਿਚਾਰ ਛੇਤੀ
ਸੋਚਾਂ ਵਿਚ ਨਾ ਵਕਤ ਗੁਜ਼ਾਰ ਐਵੇਂ।
ਨੇਕੀ ਖਟ ਜਾਹ ਕੁਝ ਜਹਾਨ ਵਿਚੋਂ
ਸਿਰ ਤੇ ਬਦੀ ਦਾ ਚੁਕ ਨਾ ਭਾਰ ਐਵੇਂ।

## ਪਾਨੀ ਅੰਤ ਨੂੰ ਫਤਹ ਅਕਾਲੀਆਂ ਨੇ!

[ਕਵੀ ਦਰਬਾਰ ਗੁਜਰਾਂ ਵਾਲੇ ਦੀ ਇਨਾਮੀ ਕਵਿਤਾ]

ਪਗਾਂ ਕਾਲੀਆਂ ਸਿਰੇ ਤੇ ਨਾ ਸਮਝੀਂ
ਉਹਦੇ ਰੈਹਮ ਦੀਆਂ ਘਟਾਂ ਕਾਲੀਆਂ ਨੇ।
ਤੇਰੇ ਵਰਗਿਆਂ ਵੈਰੀਆਂ ਡਸਨੇ ਨੂ
ਅਸਾਂ ਕਾਲੀਆਂ ਨਾਗਨਾਂ ਪਾਲੀਆਂ ਨੇ।
ਏਹਾ ਕਾਲੀਆਂ ਹੀ ਕਰਮਾਂ ਵਾਲੀਆਂ ਨੇ
ਜਿਨ੍ਹਾਂ ਏਨੀਆਂ ਜਫਰਾਂ ਜਾਲੀਆਂ ਨੇ।
ਕਾਲੀ ਪੱਗ ਦੀ ਸੌਂਹ ਮੈਂ ਸੱਚ ਆਖਾਂ
ਪਾਨੀ ਅੰਤ ਨੂ ਫਤਹ ਅਕਾਲੀਆਂ ਨੇ।
ਜਿਨ੍ਹਾਂ ਸਮਰ ਮੁਰਾਦ ਦਾ ਪਾ ਲੀਤਾ
ਹੋਈਆਂ ਨੀਵੀਆਂ ਓਹਾ ਹੀ ਡਾਲੀਆਂ ਨੇ
ਬੂਹੇ ਬਾਰ ਦੇ ਸੀਸ ਝੁਕਾ ਦਿਤਾ
ਰਖੀ ਆਸ ਵਸਾਲ ਵਸਾਲੀਆਂ ਨੇ।

ਪਾਨੀ ਠੈਹਰਿਆ ਨਾ ਉਚੇ ਪਰਬਤਾਂ ਤੇ
ਕਠਾ ਕਰ ਲਿਆ ਨੀਂਵੀਆਂ ਨਾਲੀਆਂ ਨੇ।
ਏਸੇ ਮਿਸਾਲ ਉਤੇ ਕਾਰ ਬੰਦ ਰੈਹ ਕੇ
ਪਾਣੀ ਅੰਤ ਨੂ ਫਤਹ ਅਕਾਲੀਆਂ ਨੇ।
ਓਹ ਵੀ ਵਕਤ ਸੀ, ਤੇਗ ਨੂੰ ਹਥ ਫੜਕੇ
ਕਈ ਖ਼ੂਹਨੀਆਂ ਇਹਨਾਂ ਨੇ ਗਾਲੀਆਂ ਨੇ।
ਉਤੇ ਲਾਸ਼ ਦੇ ਲਾਸ਼ ਚੜ੍ਹਾ ਦਿਤੀ
ਜਹੀਆਂ ਵੈਰੀਆਂ ਬਾਹਾਂ ਵਿਖਾਲੀਆਂ ਨੇ।
ਭੇਡ਼ਾਂ ਬਕਰੀਆਂ ਦੇ ਵਾਂਗੂ ਲਾ ਅਗੇ
ਪਿਛੇ ਵੈਰੀਆਂ ਮਾਰੀਆਂ ਤਾਲੀਆਂ ਨੇ।
ਪਲ ਵਿਚ ਰਾਜ ਦੁਸ਼ਟਾਂ ਵਾਲਾ ਨਸ਼ਟ ਕੀਤਾ
ਪਾਈ ਅੰਤ ਸੀ ਫਤਿਹ ਅਕਾਲੀਆਂ ਨੇ।
ਹੁਣ ਵੀ ਵਕਤ ਹੈ ਤੇਗ ਮਿਆਨ ਹੋਂਦੇ
ਬਾਗ ਗੁਰੂ ਦੇ ਖਾਧੀਆਂ ਗਾਹਲੀਆਂ ਨੇ।
ਸ਼ਾਂਤ ਬੈਠ ਪੁਟਵਾਏ ਨੇ ਕੇਸ ਦਾਹੜੇ
ਤੇਗਾਂ ਫਿਰ ਵੀ ਨਹੀਂ ਨਿਕਾਲੀਆਂ ਨੇ।
ਨਾਨਕ ਪਿਤਾ ਦੇ ਜਨਮ ਅਸਥਾਨ ਅੰਦਰ
ਛਾਤੀ ਤਾਨ ਕੇ ਗੋਲੀਆਂ ਖਾ ਲਈਆਂ ਨੇ।
ਤਾਨ ਹੋਂਦਿਆਂ ਫਿਰ ਨਾਤਾਨ ਰਹਿਕੇ
ਪਾਣੀ ਅੰਤ ਨੂੰ ਫਤਿਹ ਅਕਾਲੀਆਂ ਨੇ।



NATIONAL ARCHIVES LIBRARY
No 1979
Date 1:2:72
GOVT. OF INDIA

# ਬੁਲਬੁਲ ਦਾ ਬਾਗ ਨਾਲ ਪਿਆਰ

ਬਾਗ਼ ਗੁਰੂ ਦੇ ਵਿਚ ਬਹਾਰ ਆਈ
ਬੁਲਬੁਲ ਕੁਮਰੀਆਂ ਭੌਰੇ ਤਿਆਰ ਹੋਏ।
ਰਸਤਾ ਪਕੜਿਆ ਗੁਰੂ ਦੇ ਬਾਗ ਵਾਲਾ
ਜਥੇ ਬੰਨ੍ਹ ਕਠੇ ਬੇਸ਼ੁਮਾਰ ਹੋਏ।
ਕੋਲ ਪੌਂਹਚਕੇ ਅਈ ਖੁਸ਼ਬੂ ਸੋਹਨੀ
ਸੀਨੇ ਬੁਲਬੁਲਾਂ ਦੇ ਠੰਡੇ ਠਾਰ ਹੋਏ।
ਕਫਸ ਜਾਨ ਆਈ ਮੁਰਦਾ ਜਾਨ ਅੰਦਰ
ਸੋਹਣੇ ਬਾਗ਼ ਦੇ ਜਦੋਂ ਦੀਦਾਰ ਹੋਏ।
ਜਥੇ ਵੇਖਕੇ ਜ਼ਾਲਮਾਂ ਮਾਲੀਆਂ ਨੇ
ਤਾਰਾਂ ਦਿਤੀਆਂ ਝਟ ਸ਼ਕਾਰੀਆਂ ਨੂੰ।
ਸਾਡਾ ਬੁਲਬੁਲਾਂ ਬਾਗ਼ ਵੀਰਾਨ ਕੀਤਾ
ਆਕੇ ਪਗੜ ਲੌ ਇਨ੍ਹਾਂ ਹਤਯਾਰੀ ਨੂੰ।
ਵੇਲਾ ਲਭਿਆ ਆਨ ਸ਼ਕਾਰੀਆਂ ਨੂੰ
ਫੌਰਨ ਆਨਕੇ ਤੇ ਡੇਰੇ ਲਾ ਦਿਤੇ।
ਵਾਹ ਵਾਹ ਬੁਲਬੁਲਾਂ ਸੋਹਨੀਆਂ ਪਕੜਨੇ ਨੂੰ
ਜਗਾ ਜਗਾ ਤੇ ਜਲ ਵਛਾ ਦਿਤੇ।
ਰਸਤਾ ਗੁਰੂ ਦੇ ਬਾਗ ਦਾ ਬੰਦ ਕੀਤਾ
ਪੈਹਰੇ ਫਾਟਕਾਂ ਉਤੇ ਬਠਾ ਦਿਤੇ।

ਬੁਲਬੁਲ ਕੋਈ ਵੀ ਜਾਏ ਨਾ ਬਾਗ ਅੰਦਰ
ਏਹਾ ਜ਼ਾਲਮਾਂ ਹੁਕਮ ਸੁਨਾ ਦਿਤੇ।
ਹੁਕਮ ਸੁਨਦਿਆਂ ਸਾਰ ਸ਼ਕਾਰੀਆਂ ਨੇ
ਫੌਰਨ ਤੀਰ ਕਮਾਨ ਤਯਾਰ ਕੀਤੇ।
ਟੰਗਾਂ ਤੋੜੀਆਂ ਪੰਖ ਮਰੋੜ ਦਿਤੇ
ਅਤੇ ਲੋਥਾਂ ਦੇ ਢੇਰ ਅੰਬਾਰ ਕੀਤੇ।
ਸਿਰਫ਼ ਮਾਰਨਾ ਸੀ ਇਨ੍ਹਾਂ ਬੁਲਬੁਲਾਂ ਨੂੰ
ਪੰਛੀ ਹੋਰ ਵੀ ਨਾਲ ਸ਼ਕਾਲ ਕੀਤੇ।
ਜੋ ਜੋ ਜ਼ੁਲਮ ਕੀਤੇ ਏਹਨਾਂ ਜ਼ਾਲਮਾਂ ਨੇ
ਮੈਥੋਂ ਜਾਨ ਨਾ 'ਕਫਸ' ਸ਼ੁਮਾਰ ਕੀਤੇ।
ਕੈਸਾ ਤਾੜ ਕਿ ਤੀਰ ਨੂ ਛਡਦਾ ਹੈ
ਵਾਹ ਵਾਹ ਬੀਟੀ ਹੈ ਤੀਰ ਅੰਦਾਜ਼ ਸੋਹਨਾ।
ਕੈਹੰਦੇ ਦਿਲਾਂ ਦੀ ਦਿਲਾਂ ਨੂੰ ਰਾਹ ਹੁੰਦੀ
ਸੱਚਾ ਗੁਰੂ ਹੈ ਜਾਨਦਾ ਰਾਜ ਸੋਹਨਾ।
ਜ਼ੁਲਮ ਹੋਂਵਦੇ ਵੇਖ ਪ੍ਰੇਮੀਆਂ ਤੇ
ਗੁਰਾਂ ਘਲਿਆ ਆਪਨਾ ਬਾਜ ਸੋਹਨਾ।
ਹੇਠਾਂ ਜ਼ੁਲਮ ਹੁੰਦੇ ਪਏ ਅਜਜ਼ਾਂ ਤੇ
ਉਪਰ ਬਾਜ਼ ਕਰਦਾ ਹੈ ਪਰਵਾਜ਼ ਸੋਹਨਾ।
ਜਿਥੇ ਜ਼ਾਲਮਾਂ ਬੁਲਬੁਲਾਂ ਵੇਖ ਲਈਆਂ
ਓਥੇ ਕਸ ਕੇ ਤੀਰ ਚਲਾ ਦਿਤਾ।

ਤੀਰ ਖਾਂਦੀਆਂ ਕਈ ਬੇਹੋਸ਼ ਹੋਈਆਂ
ਕਈਆਂ ਆਪਨਾ ਆਪ ਭੁਲਾ ਦਿਤਾ।
ਗੀਤ ਗਾਂਦਿਆਂ ਹੀ ਅਚਨਚੇਤ ਆਕੇ
ਪਕੜ ਪਕੜ ਕੇ ਪਿੰਜਰੇ ਪਾ ਦਿਤਾ।
ਕੈਂਹਦੇ ਫੇਰ ਨਾ ਆਵਨਾ ਬਾਗ ਅੰਦਰ
ਭਾਣਾ ਰਬ ਨੇ ਅਜਬ ਵਰਤਾ ਦਿਤਾ।

## ਕਰਾਂਗੇ ਸੁਧਾਰ ਸੀਨੇ ਘਾਲਕੇ ਅਜ਼ਾਰ ਸਭ

ਸੀਗਾ ਨਹੀਂ ਪਤਾ ਸਾਨੂ ਤੇਰੇ ਇਨ੍ਹਾਂ ਧੋਖਿਆਂ ਦਾ
ਚਿਟਾ ਰੰਗ ਦੇਖ ਤੇਰਾ ਲਾਈਆਂ ਅਸਾਂ ਯਾਰੀਆਂ।
ਹੋਇਕੇ ਮਹਿਮਾਨ ਸਾਰਾ ਸਾਂਭਿਆ ਮਕਾਨ ਤੁਧ
ਚਾਰ ਹੀ ਚੁਫੇਰੇ ਟੰਗਾਂ ਤੁਧ ਚਾ ਪਸਾਰੀਆਂ।
ਜਾਦੂ ਸਿਰੇ ਤੇ ਚਲਾਇਆ ਸਾਡੀ ਹੋਸ਼ ਨੂ ਭੁਲਾਇਆ
ਡੰਡਾਸਿਰੇਤੇਭਵਾਇਆਇਹਨਾਂ ਚਿਟਿਆਂਮਦਾਰੀਆਂ।
ਭਾਰਤ ਦੇ ਬਾਗ ਵਿਚੋਂ ਭੋਲੇ ਭਾਲੇ ਪੰਛੀਆਂ ਨੂ
ਜਾਲ ਲਾ ਫਸਾਏ ਲਿਆ ਯੂਰਪੀ ਸ਼ਕਾਰੀਆਂ।
ਲੈਹਰ ਏਹ ਸੁਧਾਰ ਵਿਚ ਟੰਗਾਂ ਚਾ ਅੜਾਈਆਂਤੁਧ
ਤੇਰੇ ਲਈ ਬੀਬਾ ਗਲਾਂ ਏਹਾ ਹਨ ਮਾੜੀਆਂ।
ਚਿਤ ਵਾਗ ਮੋੜ ਗੁਰੂ ਧਾਮ ਸਾਰੇ ਛੋੜ ਸਾਡੇ
ਚਲਣੀਆਂ ਨ ਮੂਲ ਏਥੇ ਤੇਰੀਆਂ ਮਕਾਰੀਆਂ।

ਰਖ ਘਰ ਬਿੱਲ ਨੂੰ ਸੰਭਾਲਕੇ ਤੇ ਬਿੱਲ ਵਿਚ,
ਜਾਨਦੇ ਕਨੂੰਨ ਦੀਆਂ ਗਲਾਂ ਅਸੀਂ ਸਾਰੀਆਂ।
ਹੋਸ਼ ਕਰ ਹੋਸ਼ ਵੀਰ ਛਡ ਦੇ ਬੇਦੋਸਿਆਂ ਨੂੰ,
ਦੋਏ ਹਥ ਜੋੜ ਬਖ਼ਸ਼ਾ ਲੈ ਭੁਲਾਂ ਸਾਰੀਆਂ।
ਗੁਰੂ ਅਸਥਾਨ ਸਾਡੇ ਜਿੰਦ ਅਤੇ ਜਾਨ ਸਾਡੇ,
ਹਕ ਕੀ ਹੈ ਭਲਾ ਉਤੇ ਗੋਰਿਆਂ ਪੁਜਾਰੀਆਂ।
ਕਰਾਂਗੇ ਸੁਧਾਰ ਸੀਨੇ ਝਲਕੇ ਅਜਾਰ ਲਖ,
ਕਢਸਾਂ ਜ਼ਰਰ ਬਦਮਾਸ਼ਾਂ ਵਿਭਚਾਰੀਆਂ।
ਭੂਤ ਵਾਲੀ ਦੇਖ ਤਵਾਰੀਖ ਜਰਾ ਫੋਲ ਸਾਡੀ,
ਜੋ ਜੋ ਤਕਲੀਫਾਂ ਅਸਾਂ ਸਿਰੇ ਤੇ ਸਹਾਰੀਆਂ।
ਵੇਲੇ ਦਿਆਂ ਹਾਕਮਾਂ ਨੇ ਰਜਕੇ ਸਤਾਇਆ ਸਾਨੂੰ,
ਟੰਗ ਟੰਗ ਪੁਠਾ ਖਲਾਂ ਸਾਡੀਆਂ ਉਤਾਰੀਆਂ।
ਬੰਦ ਬੰਦ ਕਟ ਦਿਤੇ ਖੂਨ ਸਾਡੇ ਚਟ ਲੀਤੇ,
ਦਿਤੀਆਂ ਸਜਾਵਾਂ ਸਾਨੂੰ ਹੋਰ ਵੀ ਕਰਾਰੀਆਂ।
ਵਿਕ ਗਏ ਧੜਾਂ ਉਤੋਂ ਸੀਸ ਸਾਡੇ ਜੀਊਂਦੇ ਹੀ,
ਫੇਰ ਵੀ ਅਥਕ ਰੈਹਕੇ ਹਿਮਤਾਂ ਨ ਹਾਰੀਆਂ।
ਨਹੀਂ ਪਰਤੀਤ ਜੇ ਤਾਂ ਵੇਖ ਨਨਕਾਨੇ ਵਿਚ,
ਬੁਝੀਆਂ ਨਾ ਅਜੇ ਵਿਚੋਂ ਭਠੀਆਂ ਅੰਗਾਰੀਆਂ।
ਜਨਮ ਅਸਥਾਨ ਵਾਲੇ ਫਰਸ਼ ਉਤੇ ਜਾਕੇ ਤੱਕ,
ਚਲੀਆਂ ਨੇ ਕਿਵੇਂ ਉਥੇ ਖੂਨ ਦੀਆਂ ਧਾਰੀਆਂ।

ਪੁਠੇ ਲਟਕਾਏ ਨਾਲ ਛਵੀਆਂ ਉਡਾਏ ਅੰਗ,
ਜਿਸਮ ਚਰਾਏ ਅਸਾਂ ਨਾਲ ਤਿਖੀ ਆਰੀਆਂ।
ਭਠੀਆਂ 'ਚ ਸਾੜੇ ਉਤੇ ਚਰਖੜੀ ਦੇ ਚਾੜ੍ਹੇ ਗਏ,
ਸੀਨੇ ਵਿਚ ਸਹੀਆਂ ਅਸਾਂ ਤਿਖੀਆਂ ਕਟਾਰੀਆਂ।
ਗੋਲੀ ਨਾਲ ਸਲੇ ਹੇਠਾਂ ਇੰਜਨਾਂ ਦੇ ਦਲੇ ਪਰ,
ਪਿਛਾਂ ਨਹੀਂ ਹਲੇ ਜਿੰਦਾਂ ਹਸ ਹਸ ਵਾਰੀਆਂ।
ਉਕਾ ਨਹੀਂ ਟਲੇ ਪੈਰ ਪਿਛੇ ਨਹੀਂ ਹਲੇ ਜ਼ਰਾ,
ਹੋਏਕੇ ਜਲਾਦ ਜਦੋਂ ਡਾਂਗਾਂ ਤੁਧ ਮਾਰੀਆਂ।
ਯਾਦ ਹੰਦੀ ਮਾਰਕੇ ਬੇਹੋਸ਼ ਛੇ ਹਜ਼ਾਰ ਕੀਤਾ,
ਭਰ ਭਰ ਆਈਆਂ ਜਦੋਂ ਸ਼ੈਹਰ ਵਿਚ ਲਾਰੀਆਂ।
ਲਗਿਆ ਪਿਆਰ ਜਿਹਨਾ ਮਾਹੀ ਦੇ ਦੀਦਾਰਵਾਲਾ,
ਪੌਂਹਚੀਆਂ ਸੀ ਬਾਗ ਵਿਚ ਮਾਰਕੇ ਉਡਾਰੀਆਂ।
ਸੀਸ ਧਰ ਤਲੀ ਗਏ ਯਾਰ ਵਾਲੀ ਗਲੀ ਮਲੀ,
ਜਾਏਕੇ ਮੋਹਾਠ ਤੋੜ ਚਾੜੀਆਂ ਨੇ ਯਾਰੀਆਂ।
ਛਡਦੇ ਖਿਆਲ ਦਿਲੋਂ ਅਸਾਂ ਦੇ ਡਰਾਨ ਵਾਲਾ,
ਖੋਹਲਕੇ ਕਫ਼ਸ ਛਡ ਬੁਲਬੁਲਾਂ ਵਿਚਾਰੀਆਂ।

## ਲੈਨੀ ਸਸੀਏ ਸੁਤੀਏ ਜਾਗ ਮੋਈਏ
## ਅਚਨ ਚੇਤ ਬਲੋਚਾਂ ਦੀ ਧਾੜ ਪਈਆ

ਪੰਥ ਸੁਤਿਆ ਹੋਸ਼ ਸੰਭਾਲ ਹੁਨ ਤਾਂ,
ਲੁਟਿਆ ਗਾਫ਼ਲੀ ਵਿਚ ਘਰਬਾਰ ਤੇਰਾ।
ਅਖੀਂ ਵੇਖ ਉਹ ਤੇਗ ਲਸ਼ਕਾਂਵਦਾ ਈ,
ਸਤਰ ਸਾਲ ਤੋਂ ਸੀ ਜੇਹੜਾ ਯਾਰ ਤੇਰਾ।
ਭੇਖੀ ਯਾਰ ਦਾ ਉਗੜਿਆ ਪਾਜ ਸਾਰਾ,
ਡੇਰਾ ਲੁਟਿਆ ਈ ਚੌਂਕੀਦਾਰ ਤੇਰਾ।
ਉਹਲੇ ਬੈਠਕੇ ਤੀਰ ਚਲਾਇ ਐਸੇ,
ਨਾਜ਼ਕ ਕਾਲਜਾ ਕੀਤਾ ਫ਼ਗਾਰ ਤੇਰਾ।
ਨੌਕਰਸ਼ਾਹੀ ਫੜ ਮਿਠੜੀ ਛੁਰੀ ਹਾਏ!
ਧੋਖੇ ਨਾਲ ਕਲੇਜੜਾ ਪਾੜ ਗਈਆ।
ਲੈ ਨੀ ਸੱਸੀਏ ਸੁਤੀਏ ਜਾਗ ਮੋਈਏ,
ਅਚਨ ਚੇਤ ਬਲੋਚਾਂ ਦੀ ਧਾੜ ਪਈਆ।

## ਦੇਸ਼ ਸਵਰਾਜ ਉਤੋਂ ਜਿੰਦੜੀ ਘੁਮਾਵਸਾਂ

(ਏਹ ਕਵਤਾ ਅਕਾਲੀ ਤੇ ਪ੍ਰਦੇਸੀ ਦੇ ਅਕਾਲੀ ਨੰਬਰ ਵਿਖੇ ਪ੍ਰਕਾਸ਼ਤ ਹੋਈ)

ਮਾਰਲੈ ਸ਼ਰੀਰ ਛਿਪ ਛਿਪਕੇ ਤੂੰ ਤੀਰ ਡਾਹਢੇ,

ਤ੍ਰੂਹਗੜੇ ਏਹ ਤੀਰ ਤੇਰੇ ਛਾਤੀ ਵਿਚ ਖਾਵਸਾਂ।
ਸਾਰੇ ਵੀਰ ਵੀਰ ਦੁਖ ਝੱਲਕੇ ਸਰੀਰ ਉਤੇ,
ਤੁਧ ਦੀ ਜੰਜੀਰ ਦੇ ਅਸੀਰ ਹੋ ਦਿਖਾਵਸਾਂ।
ਹੋਸੇਂ ਦਲਗੀਰ ਅਤੇ ਟੁਟ ਜਾਸੀ ਧੀਰ ਤੇਰੀ,
ਘੱਤ ਕੇ ਵਹੀਰ ਜਦੋਂ ਮੋਰਚੇ ਨੂੰ ਜਾਵਸਾਂ।
ਚੂਸ ਲੈਸਾਂ ਰਸ ਕੁਰਬਾਨੀ ਵਾਲੇ ਫੁਲਾਂ ਸੰਦਾ,
ਹਸ ਹਸ ਰੋਂਦ ਵਿਚ ਫੁਲਦੀ ਸਮਾਵਸਾਂ।
ਹੋਵਸੀਗਾ ਮੇਲਾ ਕਦੋਂ ਬੰਦੀਵਾਨਾਂ ਵੀਰਨਾ ਦਾ,
ਵੇਲਾ ਏਹ ਸੁਹੇਲਾ ਕਦ ਮਾਲਕਾ ਵੇ ਪਾਵਸਾਂ
ਚੱਕੀ ਸੀ ਚਲਾਈ ਜਿਥੇ ਦੋ ਜਹਾਨ ਵਾਲੀ ਜੀ ਨੇ,
ਦੀਦ ਜਹੀ ਭਾਗਾਂ ਵਾਲੀ ਧਰਤੀ ਦੇ ਪਾਵਸਾਂ॥
ਨਾਨਕ ਦਾ ਨਾਮ ਲੈ ਕੇ ਹਥ ਜਦੋਂ ਲਾਵਸਾਂਗੇ,
ਚਲਸੀ ਨਾ ਕਿਵੇਂ ਚੱਕੀ ਅਸੀਂ ਅਜਮਾਵਸਾਂ।
ਨਾਨਕ ਨੇ ਖਾਧੀ ਸੀਗੀ ਰੋਟੀ ਜਦੋਂ ਕੋਧਰੇ ਦੀ,
ਅਸੀਂ ਉਹਦੇ ਪੁਤ ਭਲਾ ਕਿਵੇਂ ਨਹੀਂ ਖਾਵਸਾਂ।
ਮਾਰ ਲੈ ਤੂੰ ਕੈਹਰ ਵਾਲੇ ਜ਼ੈਹਰ ਭਰੇ ਹੈਂਗ ਖੈਰ,
ਅਸੀਂ ਵੀ ਨਾਂ ਪੈਰ ਮੂਲ ਪਿਛਾਂ ਨੂੰ ਹਟਾਵਸਾਂ।
ਰਖੀਂ ਯਾਦ ਤੁਧ ਦੀ ਭੁਲਾਸਾਂਗੇ ਸੁਧ ਬੁਧ,
ਸ਼ਾਂਤ ਯੁਧ ਵਿਚ ਜਦੋਂ ਜੂਝ ਕੇ ਦਿਖਾਵਸਾਂ।
ਵਾਰਸਾਂਗੇ ਜਿੰਦ ਅਸੀਂ ਪਿਆਰੀ ਮਾਤ ਹਿੰਦਉਤੋਂ,

ਸ਼ਾਂਤੀ ਦੇ ਨਾਲ ਬੇਠ ਡਾਂਗ ਤੇਰੀ ਖਾਵ
ਹੋਵਸਾਂਗੇ ਪਾਰ ਤੇਰੇ ਹਥੋਂ ਤਲਵਾਰ ਘਾਟ,ਸਾਂ
ਅਜ ਦਾ ਦਿਹਾੜਾ ਅਸੀ ਰੋਜ਼ ਹੀ ਮਨਾਵਸਾਂ।
ਬੈਠ ਜਾਸਾਂ ਅੱਗ ਵਿਚ ਰਸੀ ਅਸੀਂ ਫਾਹੀ ਵਾਲੀ,
ਜਾਨ ਕੇ ਤੇ ਹਾਰ ਫੁਲ ਗਲੇ ਵਿਚ ਪਾਵਸਾਂ।
ਅਖੀਆਂ ਤੇ ਚੁਕਕੇ ਪਰੇਮ ਨਾਲ ਚੁਮ ਲੈਸਾਂ,
ਖੁਸ਼ੀ ਨਾਲ ਤੇਗ ਤੇਰੀ ਗਲੇ ਨਾਲ ਲਾਵਸਾਂ।
ਹੋਵੇ ਨਾ ਅਜੇਹਾ ਤੈਨੂ ਮਿਲੇ ਤਕਲੀਫ ਕੋਈ,
ਆਪ ਵਢ ਸੀਸ ਭੇਟਾ ਤੁਧ ਦੀ ਬਨਾਵਸਾਂ।
ਗੁਰਾਂ ਦੀ ਸੋਗੰਧ ਚਾਹੇ ਕਟ ਜਾਈਏ ਬੰਦ ਬੰਦ,
ਹੋਇਕੇ ਅਨੰਦ ਕੀਮਾ ਦੇਹੀ ਦਾ ਕਰਾਵਸਾਂ।
ਹੋਇਕੇ ਨਿਸੰਗ ਇਸ ਸ਼ਾਨਦਾਰ ਜੰਗ ਵਿਚ,
ਸ਼ਮਾਂ ਤੇ ਪਤੰਗ ਵਾਂਗੂੰ ਅੰਗ ਨੂ ਜਲਾਵਸਾਂ।
ਅਪਨੇ ਹੀ ਹਥੀਂ ਭਰ ਖੂਨ ਦਾ ਪਿਆਲਾ ਅਸੀਂ,
ਕਾਲ ਨੂ ਛਕਾਕੇ ਪਿਆਸ ਉਸਦੀ ਬੁਝਾਵਸਾਂ।
ਸੂਲੀ ਤਾਂ ਅਸਾਡੇ ਲਈ ਚੀਜ਼ ਹੈ ਮਾਮੂਲੀ ਜਹੀ,
ਲਾਇਕੇ ਤੇ ਪੌੜੀ ਸਚ ਖੰਡ ਵਲੇ ਜਾਵਸਾਂ।
ਦੇਖ ਕੇ ਜ਼ਰੂਰ ਮਨਸੂਰ ਸ਼ਰਮਾਵਸੀਗਾ,
ਰੇਲਵੇ ਦੀ ਲਾਈਨ ਉਤੇ ਦੇਹੀ ਨੂ ਲਿਟਾਵਸਾਂ।
ਸ਼ਾਂਤੀ ਦੇ ਨਾਲ ਦਿਲਾਂ ਪਥਰਾਂ ਪੰਘਾਰ ਦੇਸਾਂ,

ਤਪੇ ਹੋਏ ਤਵੇ ਉਤੇ ਠੰਡ ਵਰਤਾਵਸਾਂ।
ਦਾਹਵਾ ਕੀ ਹੈ ਸਾਡਾ ਪੰਜ ਭੂਤਕ ਸਰੀਰ ਉਤੇ,
ਜਿਸਦੀ ਹੈ ਚੀਜ਼ ਪਾਸ ਉ ਦੇ ਪੁਚਾਵਸਾਂ।
ਹਥ ਵਿਚ ਨਪਕੇ ਦੋਧਾਰਾ ਖੰਡਾ ਸ਼ਾਂਤੀ ਸੰਦਾ,
ਸਚ ਵਾਲਾ ਝੰਡਾ ਉਤੇ ਜਗ ਦੇ ਝੁਲਾਵਸਾਂ।
ਸ਼ਾਂਤ ਦਾ ਹਥੌੜਾ ਲੈ ਵਾਂਗ ਫਰਹਾਦ ਅਸੀ,
ਚੀਰ ਕੇ ਪਹਾੜ ਨਹਿਰ ਨੀਰ ਦੀ ਵਗਾਵਸਾਂ।
ਰਖੀਂ ਗਲ ਯਾਦ ਬਰਬਾਦ ਅਸਾਂ ਹੋਵਣਾ ਨਾ,
ਸਾਰੇ ਗੁਰੂ ਧਾਮਾਂ ਨੂ ਅਜ਼ਾਦ ਕਰਵਾਵਸਾਂ।
ਧਾਰ ਲੈ ਖਿਆਲ ਚਾਹੇ ਮੇਟਣੇ ਦਾ ਤੇਗ ਨਾਲ,
ਝਲਣੇ ਦੇ ਲਈ ਢਾਲ ਗਲੇ ਦੀ ਬਨਾਵਸਾਂ।
ਗੁਰੂ ਜੀ ਨੇ ਦਸਿਆ ਹੈ ਰਾਹ ਸਾਨੂੰ ਵਾਹ ਵਾਹ,
ਉਸਦੇ ਹੀ ਉਤੇ ਅਸੀ ਸਿਧੇ ਚਲੇ ਜਾਵਸਾਂ।
ਮਾਲ ਅਸਬਾਬ ਦੀ ਕੁਰਕੀਆਂ ਤਾਂ ਚੀਜ਼ ਕੀ ਨੇ,
ਦੇਸ ਸਵਰਾਜ ਉਤੋਂ ਜਿੰਦੜੀ ਘੁਮਾਵਸਾਂ।
ਤਤੀ ਰੇਤ ਫੁਲਾਂ ਵਾਲੀ ਝੜੀ ਵਾਂਗੂੰ ਜਾਨ ਲੈਸਾਂ,
ਦੇਗ ਵਿਚ ਬੈਠ ਕੇ ਤੇ ਤਾਰੀਆਂ ਲਗਾਵਸਾਂ।
ਆਜਜ਼ਾਂ ਦੀ ਆਹ ਕਰੇ ਮਾਰ ਕੇ ਫਨਾਹ ਬੀਬਾ,
ਇੱਕੋ ਹੀ ਸਾਹ ਇੰਗਲੈਂਡ ਨੂੰ ਮੁਕਾਵਸਾਂ।
ਅਸਾਂ ਦਾ ਇਹ ਬੋਲ ਉਕਾ ਜਾਣਨਾ ਮਖੌਲ ਨਾਹੀਂ,

ਕਰਾਂਗੇ ਜੋ ਕੌਲ ਤੋੜ ਚਾੜ੍ਹ ਕੇ ਵਖਾਵਸਾਂ।
ਮੁਢ ਤੋਂ ਹੀ ਆਏ 'ਦਲਜੀਤ' ਹਾਂ ਅਜੀਤ ਅਸੀਂ,
ਵਡਿਆਂ ਦੀ ਰੀਤ ਨਾਲ ਸਿਰਾਂ ਦੇ ਨਿਭਾਵਸਾਂ।

## ਵੇਖਕਰ ਪਾਪ ਜਗ ਮਚੀ ਤਰਥਲੀਏ !

(ਪੰਜਾਬੀ ਕਵੀ ਸਮੇਲਨ ਜੇਹਲਮ ਦੇ ਕਵੀ ਦਰਬਾਰ ਵਿਚ ਪੜ੍ਹਕੇ ਦੂਜਾ ਇਨਾਮ ਪਰਾਪਤ ਕੀਤਾ)

ਆਏ ਕਰਨ ਵਪਾਰ ਬੈਠੇ ਸਾਂਭ ਘਰਬਾਰ,
ਏਹਨਾਂ ਗੋਰੇ ਰੰਗ ਵਾਲਿਆਂ ਨੇ ਹਿੰਦਸਾਰੀਛਲੀਏ।
ਖੋਹਇਆ ਅਸਾਂਦਾਜਹਾਜ ਸਾਰੇਫੜੇਸਿਰਤਾਜ ਹਾਏ,
ਡਾਇਰ ਦੀ ਤੋਪ ਬਾਗ਼ ਜ਼ਲਿਆਂ ਦੇ ਚਲੀਏ।
ਕੈਂਹਦੇ ਬਚੇ ਹਾਏ ਹਾਏ ਪਿਤਾ ਜਿਹਨਾ ਦੇ ਉੜਾਏ,
ਹਾਏ ਅੰਸੂਆਂ ਦੀ ਝੜੀਸਾਥੋਂ ਜਾਂਦੀ ਨਹੀਂਠਲੀਏ।
ਕਈਆਂ ਫਾਂਸੀ ਲਟਕਾਨ ਕਈ ਘਲੇ ਅੰਡੇਮਾਨ,
ਅਤੇ ਕਈਆਂ ਜਾਕੇਕੋਠੀਡੇਹਰਾਗ਼ਾਜ਼ੀਖ਼ਾਨ ਮਲੀਏ।
ਤੇਰੇ ਸਾਰੇ ਅਸਥਾਨ ਅਸਾਂ ਜਾਤੇ ਜਿੰਦ ਜਾਨ,
ਜੀਕੂ ਮਛੀ ਲਈ ਨੀਰ ਅਤੇ ਭੌਰੇ ਲਈ ਕਲੀਏ।
ਬੇਪਤੀ ਨ ਸਹਾਰੀ, ਵਾਰੀ ਜਿੰਦੜੀ ਪਿਆਰੀ,
ਵਾਰੀ ਦਖ ਨਨਕਾਣੇ ਨਦੀ ਖ਼ੂਨ ਵਾਲੀ ਚਲੀਏ।
ਹੋਏ ਨੇ ਸ਼ਹੀਦ ਹਸ ਹਸ ਕਿ ਮੁਰੀਦ ਤੇਰੇ,

ਹੋਂਚਾ ਪਰਵਾਨਾ ਜਿਵੇਂ ਦੇਖ ਸ਼ਮਾ ਬਲੀ ਏ।
ਕੀਤਾ ਨੈਨੂ ਕਤਲਾਮ ਸਾਰੇ ਮਚਿਆ ਕੈਹਰਾਮ,
ਪਾਪੀ ਨਿਮਕਹਰਾਮ ਚਾਲੀ ਲਖ ਛਾਤੀ ਸਲੀਏ।
ਤੇਰੇ ਪਿਤਾਜੀ ਦੇ ਬਾਗ਼ ਲਾਇਆਸੀਨੇ ਵਿਚ ਦਾਗ਼,
ਛਾਤੀ ਸੋਟਿਆਂ ਦੀ ਮਾਰ ਤੇਰੇ ਪੁਤਰਾਂ ਨੇ ਝਲੀਏ।
ਸੋਟੇ ਮਾਰ ਤੇਜ਼ੀ ਨਾਲ, ਬੀਟੀ ਵਸਦਾ ਕਮਾਲ,
ਅਗੋਂ ਛਾਤੀ ਦੀ ਬਨਾਕੇ ਢਾਲ ਫੌਜ ਤੇਰੀ ਖਲੀਏ।
ਵੇਖ ਉਲਟਾ ਜ਼ਮਾਨਾ ਸਾਧ ਤਾਂਈ ਜੇਹਲ ਪਾਨਾ,
ਮੈਹਲ ਚੋਰ ਦਾ ਠਿਕਾਨਾ ਰੀਤ ਨਵੀ ਜਗ ਚਲੀਏ।
ਪੋਂਦੀ ਸੋਟਿਆਂਦੀ ਮਾਰ ਤਕ ਆਇਆਤੇਰਾ ਬਾਜ,
ਹਾਏ ਗੋਰਿਆਂ ਨੇ ਜਿਵੇਂ ਜਗ ਪਾਈ ਤਰਥਲੀਏ।
ਜੇਹਲ ਵਿਚ ਜਾ ਕੇ ਪਈ ਚੱਕੀਆਂ ਚਲਾਏ ਹਾਏ,
ਜੇਹੜੀ ਜਿੰਦ ਮਖਨਾਂ ਮਲਾਈਆਂ ਨਾਲ ਪਲੀਏ
ਕੀਤੇ ਕੈਹਰ ਨੇ ਮਹਾਨ ਕੈਹ ਸਕੇ ਨਾਂ ਜ਼ਬਾਨ,
ਤੇਰੇ ਸੂਰਿਆਂ ਦੀ ਜਿੰਦ ਹੇਠਾਂ ਇੰਜਨਾਂਦੇ ਦਲੀਏ।
ਤਕ ਕਾਲੀ ਦਸਤਾਰ ਏਹਨਾਂ ਚੜ੍ਹਦਾ ਬੁਖਾਰ,
ਮਾਨੋ ਕੈਹਰ ਦੀ ਕਟਾਰ ਏਹਦੇ ਸੀਨੇ ਉਤੇ ਚਲੀਏ।
ਕਰੇ ਭਾਰਤ ਪੁਕਾਰ ਪਿਤਾ ਆਵੀਂ ਇਕ ਵਾਰ,
ਜਰਾ ਵੇਖ ਜਾ ਪਾਪ ਜਗ ਮਚੀ ਥਰਥੱਲੀਏ।

# ਸਵਰਗ ਪੁਰੀ ਨੂੰ ਜਾਂਦਿਆ ਰਾਹੀਆ ਵੇ!

(ਇਹ ਕਵਤਾ, ਸ੍ਰੀ ਗੁਰੂ ਤੇਗਬਹਾਦਰ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ ਸਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਹੁਕਮ ਅਨੁਸਾਰ ਨਿਕਲੇ ਜਲੂਸ ਵਿਚ, ਸ਼ੈਹਰ ਗੁਜਰਾਂਵਾਲੇ ਵਿਚ ਪੜ੍ਹੀ ਗਈ)

ਤੇਗ *ਬੀਰ ਸ਼ਹੀਦਾਂ ਦੇ ਤਾਜ ਵਾਲੇ,
ਦੁਖੀਆਂ ਦਿਲਾਂ ਦੇ ਦਰਦ ਵੰਡਾਨ ਵਾਲੇ।
ਰੁੜ੍ਹਦਾ ਜਾਂਵਦਾ ਧਰਮ ਬਚਾਨ ਵਾਲੇ,
ਬੇੜੇ ਡੁਬਦੇ ਨੂੰ ਕੰਢੇ ਲਾਨ ਵਾਲੇ।
ਖ਼ੂਨ ਵੀਟ ਕੇ ਅਪਨੇ ਜਿਗਰ ਸੰਦਾ,
ਹਿੰਦੀ ਸੁਕੜਾ ਬਾਗ਼ ਮੈਹਕਾਨ ਵਾਲੇ।
ਸ਼ਰਨੀ ਡਿਗਿਆਂ ਓਟ ਰੱਖਦਿਆਂ ਨੂੰ,
ਦਾਮਨ ਦੇ ਕੇ ਪਾਰ ਲੰਘਾਨ ਵਾਲੇ।
ਸਵਰਗਾ ਪੁਰੀ ਨੂੰ ਜਾਂਦਿਆ ਰਾਹੀਆ ਵੇ,
ਮਾਤ ਲੋਕ ਵੱਲੇ ਝਾਤੀ ਪਾਂਵਦਾ ਜਾ।
ਦੀਨਾ 'ਦੁਖੀ' ਮਜ਼ਲੂਮਾਂ ਦੀ ਆਹੀਆਂ ਨੂੰ,
ਜਰਾ ਚਿਤ ਦੇ ਵਿਚ ਟਿਕਾਂਵਦਾ ਜਾ।
ਤੇਰੇ ਹਿਜਰ ਅੰਦਰ ਹੈ ਬੀਮਾਰ ਦਿਲੀ,
ਦਿਲਫਿਗਾਰ ਦਿਲੀ ਅਸ਼ਕਬਾਰ ਦਿਲੀ

ਰੋਜ਼ ਹਸ਼ਰ ਤਕ ਕਦੇ ਭੁਲਾਵਸੀ ਨਾਂ,
ਕੀਤਾ ਤੁਧ ਜੋ ਬੜਾ ਉਪਕਾਰ ਦਿਲੀ।
ਜੋੜੀ ਚੁਭਦੀ ਸੀ ਵਾਂਗੂ ਖਾਰ ਦਿਲੀ,
ਉਹਾ ਭਾਸਦੀ ਏ ਸਬਜ਼ਾ ਜ਼ਾਰ ਦਿਲੀ।
ਕਿਉਂਕਿ ਵਾਰਿਆ ਸੀ ਤੈਂਨੇ ਸੀਸ ਦਿਲੀ,
ਕਿਉਂਕਿ ਤੈਂਡੜੀ ਹੈ ਯਾਦਗਾਰ ਦਿਲੀ।
ਤੇਰੀ ਆਤਮਾਂ ਨੂੰ ਕੀ ਨਾਂ ਕਸ਼ਟ ਪੁਜਾ,
ਤੇਰੀ ਜ਼ਾਲਮਾਂ ਨੇ ਜਦੋਂ ਚਿਖਾ ਫੋਲੀ?
ਜਦੋਂ ਗੰਜ ਰਕਾਬ ਦੀ ਕੰਧ ਢਾਈ,
ਤੇਰੀ ਆਤਮਾਂ ਨਾਂ ਸਚ ਖੰਡ ਬੋਲੀ?
ਤਖਤਾ ਜ਼ਿਮੀਂ ਅਸਮਾਨ ਦਾ ਬਦਲ ਜਾਵੇ,
ਕੋਈ ਸ਼ਕ ਨਹੀਂ ਜੇ ਆਫਤਾਬ ਬਦਲੇ।
ਤਾਰੇ ਟੁਟ ਦੇ ਪਟਕ ਜ਼ਮੀਨ ਆਵਨ,
ਅਪਣੀ ਜਗ੍ਹਾਂ ਉਤੋਂ ਮਹਿਤਾਬ ਬਦਲੇ।
ਆਸਨ ਆਪਣਾ ਧਰੂ ਵੀ ਬਦਲ ਦੇਵੇ,
ਕੇਰਨ ਖੂਨ ਅਖਾਂ ਚਾਹੇ ਆਬ ਬਦਲੇ।
ਟਾਇਮ ਟੇਬਲ ਖਾਹ ਕੁਦਰਤੀ ਬਦਲ ਜਾਵੇ,
ਐਪਰ ਕਦੇ ਨਾ ਗੰਜ ਰਕਾਬ ਬਦਲੇ।
ਸੀਸ ਰਖਕੇ ਤਲੀ ਪਰੇਮੀਆਂ ਨੇ,
ਢਹਿੰਦੀ ਡਿਗਦੀ ਝਟ ਦੀਵਾਰ ਰੋਕੀ।

ਕਠੇ ਹੋਇਕੇ ਕੰਧ ਤੇ ਸੀਸ ਰਖੇ,
ਵੇਖ ਵੇਖ ਹੈਰਾਨ ਰਹਿ ਗਏ ਲੋਕੀ।
ਅਚਨ ਚੇਤ ਹੀ ਪਿੰਜਰੇ ਵਿਚ ਪਾਇਆ,
ਬੁਲਬੁਲ ਚਮਨਅਜ਼ਾਦੀ ਦੀ ਚਹਿਕਦੀ ਨੂੰ।
ਕਟ ਵਢਕੇ ਬਾਗ 'ਚੋਂ ਬਾਹਰ ਕੀਤਾ,
ਟਾਹਣੀ ਹਰੀ ਗ਼ੁਲਾਬ ਦੀ ਲਹਿਰਦੀ ਨੂੰ।
ਹਾਇ ! ਤੋੜ ਕੇ ਖ਼ਾਕ ਰੁਲਾ ਦਿਤਾ,
ਸੋਹਣੀ ਕਲੀ ਗ਼ੁਲਾਬ ਦੀ ਟਹਿਕਦੀ ਨੂੰ।
ਹਾਇ ! ਪਲਕ ਅੰਦਰ ਬੀਆਬਾਨ ਕੀਤਾ,
ਗੁਲਸ਼ਨ ਅਜਬ ਨਾਭੇ ਵਾਲੀ ਮਹਿਕਦੀ ਨੂੰ।
ਰੰਗਸਰ ਦੀ ਯਾਤਰਾ ਕਰਨ ਜਾਂਦੇ,
ਤਕ ਲੈ ਯਾਤਰੂ ਜੀ ਕੀ ਕਸ਼ਟ ਜਰਦੇ।
ਖਾਂਦੇ ਮਾਰ ਸਹਾਰਦੇ ਕਸ਼ਟ ਜੇਹੜੇ,
ਡੂੰਘੇ ਪੈਂਡਿਆਂ ਵਿਚ ਨਾ ਸੀ ਕਰਦੇ।
ਆਹਾ ਦੇਖ ਸੋਹਣੇ ਨੌਨਿਹਾਲ ਤੇਰੇ,
ਕੋਠੀ ਜੇਹਲ ਮੁਲਤਾਨ ਦੀ ਮਲ ਬੈਠੇ।
ਬੈਤਾਂ ਨਾਲ ਲੋਹਾਂਵਦੇ ਖਲ ਬੈਠੇ,
ਕਈ ਖਾਏ ਸੰਗੀਨਾਂ ਦੇ ਸਲੂ ਬੈਠੇ।
ਵੀਰ ਵਿਛੜੇ ਗਲੇ ਤੋਂ ਜਦੋਂ ਡਿਠੇ,
ਹੰਸ ਵਿਚ ਉਡਾਰ ਦੇ ਰਲ ਬੈਠੇ।

ਕਠੇ ਹੋਇ ਕੇ ਲਾਈ ਨੇ ਤਾਂਘ ਤੇਰੀ,
ਤੈਨੂੰ 'ਡੀਕਦੇ ਨੇ ਘੜੀ ਪਲ ਬੈਠੇ।
ਨਸ਼ੇ ਰਾਜ ਦੇ ਵਿਚ ਮਦਹੋਸ਼ ਹੋਏ,
ਸਿਖੀ ਤੈਂਡੜੀ ਤੇ ਡਾਹਡੇ ਕੈਹਰ ਢਾਂਦੇ।
ਜਥੇਬੰਦ ਅਕਾਲੀਆਂ ਦੇਖ ਕੇ ਤੇ,
ਬੇਗੁਨਾਹਾਂ ਤੇ ਬਾਗ਼ੀ ਦਾ ਦੋਸ ਲਾਂਦੇ।
ਐਸਿਰਤਾਜ ਸ਼ਹੀਦਾਂ ਦੇ ਦਸ ਜਾਵੀਂ,
ਤੇਰੇ ਧਾਮਾਂ ਦਾ ਕਿਵੇਂ ਸਧਾਰ ਕਰੀਏ।
ਆਨ ਸ਼ਾਨ ਖਾਤਰ ਸ਼ਾਂਤਮਈ ਰਹਿਕੇ,
ਹਰ ਇਕ ਤਰਾਂ ਦੇ ਪਰੀਤਮਾਂ ਕਸ਼ਟ ਜਰੀਏ।
ਤੇਰੀ ਦਾਤ ਹੈ ਮਾਲਕਾ ਲਾ ਲੇਖੇ,
ਸੀਸ ਵੱਢਕੇ ਤੈਂਹਡੜੀ ਭੇਟ ਧਰੀਏ।
ਮੁਕਤ ਹੋ ਜਾਈਏ ਮਨੀ ਸਿੰਘ ਵਾਂਗੂ,
ਆਵੇ ਵਾਰਤਾ ਹੋਏ ਸ਼ਹੀਦ ਮਰੀਏ।
ਰਸਤਾ ਦਸਨਾ ਆਪਨੇ ਪੁਤਰਾਂ ਨੂੰ,
ਇਸ ਕਠਨ ਸਿਖੀ ਦੀ ਗੁਜ਼ਾਨ ਅੰਦਰ।
ਤਾਕਿ ਜੇਹਾ ਨਾ ਹੋਵੇ ਕਿ ਫਰਕ ਆਵੇ,
ਤੇਰੀ ਸਾਹਬਾ ਸਿਖੀ ਦੀ ਸ਼ਾਨ ਅੰਦਰ।

## ਹੰਝੂ ਖੂਨ ਦੇ ਚਿਸ਼ਮ ਵਹਾਏ ਕਿਉਂ ਨ ?

ਰਿੜਕ ਰਿੜਕ ਕਿ ਨੀਰ ਸਮੁੰਦਰਾਂ ਦਾ,
ਆਕੇ ਘਾਟ ਉਤੇ ਜਦੋਂ ਵੀਰ ਲਗੇ।
ਰਖਿਆ ਕਦਮ ਨਾ ਵਤਨ ਦੀ ਧਰਤ ਉਤੇ,
ਪਿਛੇ ਪਕੜ ਮੈਸ਼ੀਨ ਬੇਪੀਰ ਲਗੇ।
ਦਿਤਾ ਡੋਬ ਜਹਾਜ਼ ਬੇਦੋਸਿਆਂ ਦਾ,
ਸੀਨੇ ਵਿਚ ਗੋਲੀ ਸੰਦੇ, ਤੀਰ ਲਗੇ।
ਹਾਏ ਹਾਏ ਬਜ ਬਜ ਦੇ ਘਾਟ ਉਤੇ,
ਡੂੰਘੇ ਵਿਚ ਕਲੇਜੜੇ ਤੀਰ ਲਗੇ।
ਹਸ ਹਸ ਸ਼ਹੀਦੀਆਂ ਪਾਂਦਿਆਂ ਨੂੰ,
ਵੇਖ ਵੇਖ ਮਨਸੂਰ ਸ਼ਰਮਾਏ ਕਿਉਂ ਨ ?
ਦੇਖ ਦੇਖ ਕੇ ਸੀਨ ਇਹ ਦਰਦ ਵਾਲਾ,
ਹੰਝੂ ਖੂਨ ਦੇ ਚਿਸ਼ਮ ਵਹਾਏ ਕਿਓਂ ਨ ?
ਹਾਏ ਜਲਿਆਂ ਵਾਲੜੇ ਬਾਗ ਅੰਦਰ
ਜ਼ਾਲਮ ਡਾਇਰ ਨੇ ਕੈਹਰ ਮਹਾਨ ਕੀਤਾ।
ਹਿੰਦੀ ਨਾਲ ਮੈਸ਼ੀਨ ਉਡਾ ਦਿਤੇ,
ਜ਼ਰਾ ਤਰਸ ਨਾ ਉਸ ਇਨਸਾਨ ਕੀਤਾ।
ਬੇਗੁਨਾਹਾਂ ਦੇ ਖੂੰਨ ਦੇ ਨਾਲ ਹਾਏ,
ਦਾਮਨ ਆਪਨਾ ਲਹੂ ਲੋਹਾਨ ਕੀਤਾ।

ਡਾਇਰ ਧਾਰਕੇ ਰੂਪ ਜਮਦੂਤ ਵਾਲਾ,
ਸੈਰ ਹੋਏ ਕੇ ਖ਼ੂਨ ਨੂ ਪਾਨ ਕੀਤਾ।
ਹਸ ਹਸ ਸ਼ਹੀਦੀਆਂ ਪਾਂਦਿਆਂ ਨੂੰ,
ਦੇਖ ਦੇਖ ਮਨਸੂਰ ਸ਼ਰਮਾਏ ਕਿਉਂ ਨਾਂ ?
ਦੇਖ ਦੇਖਕੇ ਸੀਨ ਏਹ ਦਰਦ ਵਾਲੇ,
ਹੰਜੂ ਖ਼ੂਨ ਦੇ ਚਿਸ਼ਮ ਵਹਾਏ ਕਿਉਂ ਨਾਂ ?
ਨਾਨਕ ਪਿਤਾ ਦੇ ਜਨਮ ਅਸਥਾਨ ਅੰਦਰ,
ਹਾਏ ਕਿਵੇਂ ਪਸਤੌਲ ਪਏ ਚਲਦੇ ਨੇ।
ਪਕੜ ਪਕੜ ਕੇ ਜਿਦਿਆਂ ਸੂਰਿਆਂ ਨੂੰ,
ਕਿਵੇਂ ਭਠੀਆਂ ਦੇ ਅੰਦਰ ਤਲਦੇ ਨੇ।
ਪੁਠੇ ਬੇਰੀਆਂ ਨਾਲ ਲਟਕਾਂਵਦੇ ਨੇ,
ਨਾਲ ਗੋਲੀਆਂ ਛਾਤੀਆਂ ਸਲਦੇ ਨੇ।
ਬਟਨ ਖੋਹਲਕੇ ਛਾਤੀਆਂ ਤਾਨਦੇ ਨੇ,
ਸੂਰਬੀਰ ਮੌਤੋਂ ਨਹੀਂ ਟਲਦੇ ਨੇ।
ਹਸ ਹਸ ਸ਼ਹੀਦੀਆਂ ਪਾਂਦਿਆਂ ਨੂੰ,
ਵੇਖ ਵੇਖ ਮਨਸੂਰ ਸ਼ਰਮਾਏ ਕਿਉਂ ਨਾਂ।
ਵੇਖ ਵੇਖ ਕੇ ਸੀਨ ਏਹ ਦਰਦ ਵਾਲੇ,
ਹੰਜੂ ਖ਼ੂਨ ਦੇ ਚਿਸ਼ਮ ਵਹਾਏ ਕਿਉਂ ਨਾਂ ?
ਪਿਤਾ ਤੇਗ਼ ਬਹਾਦਰ ਦੇ ਬਾਗ਼ ਅੰਦਰ,
ਸ਼ਮਾਂ ਵੇਖ ਪਰਵਾਨੜੇ ਜਾਂਵਦੇ ਨੀ।

ਪਾਪੀ ਰੋਕਦੇ ਨੇ ਰਸਤੇ ਬਾਗ਼ ਵਾਲੇ,
ਉਤੇ ਪ੍ਰੇਮੀਆਂ ਡਾਂਗ ਵਰਸਾਂਵਦੇ ਨੀ।
ਮਾਰ ਮਾਰਕੇ ਕਰਨ ਬੇਹੋਸ਼ ਨਾਲੇ,
ਸੱਟਾਂ ਲੁਕਵੀਆਂ ਜਗਾਂ ਤੇ ਲਾਂਵਦੇ ਨੀ।
ਗਾਲਾਂ ਕੱਢਦੇ ਪੁਟਕੇ ਕੇਸ ਦਾਹੜੇ,
ਗੋਤੇ ਨੈਹਰ ਦੇ ਵਿਚ ਦਵਾਂਵਦੇ, ਨੀ ।
ਦੇਖ ਲਵੇ ਫਰਹਾਦ ਜੇ ਸੀਨ ਐਸਾ,
ਉਹਦਾ ਫੱਟ ਕਲੇਜੜਾ ਜਾਇ ਕਿਉਂ ਨਾਂ ?
ਦੇਖ ਦੇਖ ਕੇ ਸੀਨ ਏਹ ਦਰਦ ਵਾਲੇ,
ਹੰਜੂ ਖੂਨ ਦੇ ਚਿਸ਼ਮ ਵਹਾਏ ਕਿਉਂ ਨਾਂ ?
ਪਿਆਰੇ ਧਰਮ ਦੀ ਆਨ ਤੇ ਸ਼ਾਨ ਖਾਤਰ,
ਬੇਸ਼ੁਮਾਰ ਅੱਜ ਵਿਚ ਜ਼ਿੰਦਾਨ ਬੈਠੇ।
ਬੰਦ ਕੋਠੀਆਂ ਦੇ ਅੰਦਰ ਬੰਦ ਹੋ ਕੇ.
ਚੱਕੀ ਪਰੇਮ ਦੇ ਨਾਲ ਚਲਾਨ ਬੈਠੇ।
ਕੋਹਲੂ ਖੂਹ ਅਨੇਕ ਪਏ ਜੋਂਵਦੇ ਨੇ,
ਮੁੰਜ ਕੁਟਦੇ ਵੱਟਦੇ ਵਾਣ ਬੈਠੇ।
ਮੌਤ ਵੇਖ ਨਾਂ ਚਿੱਤ ਡੁਲਾਂਵਦੇ ਨੇ,
ਰੱਖੀ ਤਲੀ ਤੇ ਕੱਢ ਕੇ ਜਾਨ ਬੈਠੇ ।
ਪੁਠਾ ਪਿਪਲਾਂ ਨਾਲ ਲਟਕੰਦਿਆਂ ਨੂੰ,
ਦੇਖ ਦੇਖ ਮਨਸੂਰ ਸ਼ਰਮਾਏ ਕਿਉਂ ਨਾਂ ?

ਦੇਖ ਦੇਖ ਕੇ ਸੀਨ ਏਹ ਦਰਦ ਵਾਲੇ,
ਹੰਝੂ ਖ਼ੂਨ ਦੇ ਚਿਸ਼ਮ ਵਹਾਏ ਕਿਉਂ ਨਾਂ ?

**ਤੇਰੀ ਸ਼ੇਰ ਅਕਾਲੀ ਧਾਂਕ ਸੁਣਕੇ**
**ਲੱਕੀ ਕੰਬ ਜਾਂਦੇ ਇੰਗਲਸਤਾਨ ਵਾਲੇ**

ਕਾਲ ਰੈਹਤ ਅਕਾਲੀ ਹੈ ਨਾਮ ਸਾਡਾ
ਧੁਮਾਂ ਵਿਚ ਸੰਸਾਰ ਦੇ ਪਾਨ ਵਾਲੇ।
ਕਦੇ ਮੌਤ ਤੋਂ ਨਹੀਂ ਹਾਂ ਹਟਨ ਵਾਲੇ
ਦਸਵੇਂ ਪਿਤਾ ਦੇ ਸਿਖ ਕੈਹਲਾਨ ਵਾਲੇ।
ਕੰਘਾ, ਕੜਾ, ਕਸ਼ੈਹਰਾ ਤੇ ਕੇਸ ਵਾਲੇ
ਸੋਹਨੀ ਗਾਤਰੇ ਵਿਚ ਕ੍ਰਿਪਾਨ ਵਾਲੇ।
ਕੌਮੀ ਸ਼ਮਾਂ ਦੇ ਅਸੀਂ ਪਰਵਾਨੜੇ ਹਾਂ
ਕਾਲੀ ਪੱਗ ਅਕਾਲੀ ਨਿਸ਼ਾਨ ਵਾਲੇ।
ਸਾਰੀ ਖੋਪਰੀ ਸਿਰੋਂ ਲੋਹਾਕੇ ਵੀ
ਉਕਾ ਸੀ ਨਾ ਮੁਖੋਂ ਅਲਾਨ ਵਾਲੇ।
ਨਾਲ ਆਰੀਆਂ ਸੀਸ ਚਿਰਵਾਨ ਵਾਲੇ
ਪੁਰਜ਼ੇ ਚਰਖੜੀ ਨਾਲ ਕਰਵਾਨ ਵਾਲੇ।
ਹੋਵੇ ਜਿਸਮ ਤੋਂ ਸੀਸ ਅਲੱਗ ਭਾਵੇਂ
ਉਤੇ ਲਖਾਂ ਦੇ ਆਫ਼ਤਾਂ ਢਾਨ ਵਾਲੇ।
ਨਨਕ ਪਿਤਾ ਦੇ ਜਨਮ ਅਸਥਾਨ ਅੰਦਰ

ਅਪਨੇ ਖ਼ੂਨ ਦੀ ਨਦੀ ਵਹਾਨ ਵਾਲੇ।
ਏਹੀ ਬੇਰੀਆਂ ਨਾਲ ਲਟਕਾਨ ਵਾਲੇ
ਜਿੰਦਾ ਭਠੀਆਂ ਵਿਚ ਜਲ ਜਾਣ ਵਾਲੇ।
ਬਾਗ਼ ਗੁਰੂ ਦੇ ਮੋਰਚਾ ਲਾਕੇ ਤੇ
ਤੇਰੇ ਜਿਹਾਂ ਦਾ ਮੂੰਹ ਭਵਾਨ ਵਾਲੇ।
ਝਲ ਝਲਕੇ ਕੈਹਰ ਦੇ ਡੰਗ ਤੇਰੇ
ਓਹ ਕ੍ਰਿਪਾਨ ਅਜ਼ਾਦ ਕਰਵਾਨ ਵਾਲੇ।
ਨਾਸ ਕਰਨ ਵਾਲੇ ਸਦਾ ਜ਼ਾਲਮਾਂ ਦਾ
ਨਹੀਂ ਹਾਂ ਕਿਸੇ ਤੋਂ ਨਸ਼ਟ ਹੋ ਜਾਨ ਵਾਲੇ।
ਅਸੀਂ ਓਹੀ ਹਾਂ ਜੋਹਰੀ ਤੇਗ ਫੜਕੇ
ਜਰਮਨ ਜਿਹਾਂ ਨੂ ਧਰਤ ਲਿਟਾਨ ਵਾਲੇ।
ਤੋਪਾਂ ਗਨ ਮਸ਼ੀਨ ਤੇ ਬੰਬ ਅਗੇ,
ਵਾਂਗੂ ਸੂਰਿਆਂ ਛਾਤੀਆਂ ਡਾਹਨ ਵਾਲੇ।
ਸ਼ਾਂਤੀ ਜਗਤ ਦੇ ਵਿਚ ਵਰਤਾਨ ਵਾਲੇ,
ਜ਼ੁਲਮ ਜਬਰ ਦਾ ਨਾਮ ਮਿਟਾਨ ਵਾਲੇ।
ਆਵੇ ਵਕਤ ਤੇ ਭੁਖਿਆਂ ਰਾਤ ਕਟਨੀ,
ਆਵੇ ਵਕਤ ਤੇ ਚਨੇ ਚਬਾਨ ਵਾਲੇ।
ਬਚੇ ਛੋਟਿਆਂ ਜਿਗਰ ਦੇ ਟੋਟਿਆਂ ਨੂੰ,
ਉਤੇ ਸੂਲੀਆਂ ਦੇ ਲਟਕਵਾਨ ਵਾਲੇ।
ਦੁਸ਼ਟਦਮਨ,ਕਿਰਪਾ ਸਾਗਰ,ਦੀਨਰਖਸ਼ਕ,

ਰਛਪਾਲ, ਦਲਜੀਤ ਕੇਹਲਾਨ ਵਾਲੇ।
ਖ਼ਬਰ ਸ਼ੇਰ ਅਕਾਲੀ ਦੀ ਭਬਕ ਸੁਨਕੇ,
ਲੋਕੀ ਕੰਭ ਜਾਂਦੇ ਇੰਗਲਸਤਾਨ ਵਾਲੇ।

## ਵੇਖ ਮਰਦਾਨਿਆਂ ਤੂੰ ਰੰਗ ਕਰਤਾਰ ਦੇ

[ਕਬਿਤ]

(ਇਹ ਕਵਤਾ ਗੁਰੂ ਦੇ ਬਾਗ਼ ਦੇ ਮੋਰਚੇ ਦੇਦਿਨਾਂ ਵਿਚ ਲਿਖੀ ਗਈ ਅਤੇ ਹੋ ਰਹੇ ਹਾਲਾਂ ਦਾ ਪੂਰਾ ਨਕਸ਼ਾ ਖਿਚਨ ਦਾ ਜਤਨ ਕੀਤਾ ਗਿਆ ਹੈ।)

ਆਕੇ ਪਰਦੇਸੀਆਂ ਨੇ ਮੈਹਲ ਤੇ ਚਬਾਰੇ ਮਲੇ
ਝੁਗੀ ਵਿਚ ਵਸਦੇ ਨੇ ਸਾਂਈਂ ਘਰ ਬਾਰ ਦੇ।
ਝੋਲੀ ਵਿਚ ਬੈਹਕੇਪਏ ਦਾਹੜੀਆਂ ਉਖੇੜਦੇਨੇ
ਜ੍ਹਿਨਾਂਤਾਂਈਪਾਲਿਆਸੀਨਾਲਲਾਡਪਿਆਰਦੇ।
ਸਾਰੇ ਫੜਰਾਹ ਸਾਡੇ ਬਾਗ਼ ਵਾਲੇ ਬੰਦ ਕੀਤੇ,
ਬੁਨ ਦਿਤੇ ਜਾਲ ਸਾਰੇ ਕੰਡਿਆਂ ਦੀ ਤਾਰਦੇ।
ਜ਼ਾਲਮਾਂ ਦੀ ਫੌਜ ਨੇ ਹੈਘੇਰਾਪਾਜਾਂਆਸਪਾਸੇ
ਸੋਟਿਆਂ ਦੇ ਨਾਲ ਮੇਰੇ ਪੁਤਰਾਂ ਨੂ ਮਾਰਦੇ।
ਸਿਟਦੇਨੇਨੈਹਰ ਵਿਚ ਕੇਸਾਂ ਤੋਂਘਸੀਟ ਕੇ ਤੇ
ਘੋੜਿਆਂ ਦੇ ਪੈਰਾਂ ਹੇਠ ਦਲ ਦਲ ਮਾਰਦੇ।
ਮੇਰਾ ਛੇ ਹਜ਼ਾਰ ਪੁਤਪਾਇਆਵਿਚ ਜੇਲਖਾਨੇ

ਦੇਖ ਇਨਸਾਫ ਪਰਦਸੀ ਸਰਕਾਰ ਦੇ।
ਫੌਜੀਆਂਦੇ ਤਾਂਈ ਕੀਤਾਕੈਦ ਛਾਈਸਾਲ ਏਨ
ਏਹਤਾਂ ਹਨਚਾਲੇ ਸਾਲਾਂ ਸਤਰਾਂਦੇ ਯਾਰ ਦੇ।
ਹਥਕੜੀਲਾਂਦੇ ਲਟਕਾਂਦੇ ਨਾਲ ਪਿਪਲਾਂ ਦੇ,
ਮਾਰ ਮਾਰ ਬੈਂਤ ਹਾਏ ਖਲੜੀ ਉਤਾਰ ਦੇ।
ਦੇਖ ਤੜਫੀਂਵਦੇ ਕੁਠੀ ਹੋਈ ਕੂੰਜ ਵਾਂਗੂ
ਲਾਂਵਦੇ ਨੇ ਨਾਹਰੇ ਜੇਹੜੇ ਸਤ ਕਰਤਾਰ ਦੇ।
ਝਟ ਪਟ ਡਕਦੇਂਦੇਫਾਂਸੀ ਵਾਲੀ ਕੋਠੀ ਵਿਚ,
ਚੱਕੀਆਂ ਪਿਹਾਂਦੇ ਅਗੇ ਕੋਹਲੂਆਂਦੇ ਡਾਰਦੇ।
ਸ਼ੇਰ ਪੜਕਸਿੰਘ ਮੇਰੇ ਪੰਥ ਪਰਧਾਨ ਜੀ ਦੀ,
ਧਿੰਗੋ ਜ਼ੋਰੀ ਨਾਲ ਕਾਲੀਪਗੜੀ ਉਤਾਰ ਦੇ।
ਜਦੋਂ ਪਿਆਰੀਪਗੜੀਦੀ ਏਤਨੀਬੇਪਤੀਹੋਂਦੀ
ਕੌਮੀ ਆਨ ਵਾਲੇ ਕਿਵੇਂ ਵੇਖਕੇ ਸਹਾਰ ਦੇ।
ਭੁਖ ਹੜਤਾਲ ਕੀਤੀ, ਕਪੜੇ ਉਤਾਰ ਦਿਤੇ,
ਭੁਖੇ ਨੰਗੇ ਰੈਹਕੇ ਰਾਤਾਂ ਠੰਡੀਆਂ ਗੁਜ਼ਾਰਦੇ।
ਪਰੇਮ ਨਾਲ ਸੋਂਵਦੇਨੇ ਇਟਾਂਵਾਲੀਥੜੀ ਉਤੇ
ਜਿਹਨਾਂਤਾਂਈਦੁਭਦੇਸੀ ਪਲੰਗ ਨਵਾਰ ਦੇ।
ਨੀਂਦਨਹੀਂਸੀਪੰਦੀਜਿਹਨਾਂ ਲੇਫਤੋਰਜ਼ਾਈਵਿਚ,
ਕੰਬਲਾਂ ਦੇ ਵਿਚ ਰਾਤਾ ਠੰਡੀਆਂ ਗੁਜਾਰ ਦੇ।
ਮਖਨਾਂਦੇ ਨਾਲ ਪਾਲੇ ਨਾਜ਼ਕ ਬਦਨ ਤਾਂਈਂ

ਕੈਹਰ ਦੀਆਂ ਸਰਦੀਆਂਸਿਆਲੀਵਿਚਠਾਰਦੇ।
ਵੇਖੀਂ ਮਰਦਾਨਿਆਂ ਹੁਣ ਜਾਲਮਾਂ ਤਬਾਹੋਨਾ
ਨਫਾ ਨੁਕਸਾਨ ਨਹੀਂ ਸੋਚ ਦੇ ਵਿਚਾਰ ਦੇ।
ਆਪਨੀਹੀ ਜੜ੍ਹਾਂਤਾਂਈ ਆਪ ਪਏ ਪਟਦੇ ਨੇ,
ਹਥ ਵਿਚ ਕਹੀ ਲੈਕੇ ਭਰੇ ਹੰਕਾਰ ਦੇ।
ਬੇੜਾਪਾਪਰਾਜਵਾਲਾ ਹੋਏਆ ਨਕੋ ਨਕ ਅਜ,
ਡੁਬਜਾਸੀ ਅਜਕਲ ਵਿਚ ਡੂਘੀ ਧਾਰ ਦੇ।
ਕੀਕੂੰਮੂੰਹਦੀ ਲਾਂਦੇਅਸੀਂਹੋਸ਼ ਮਦਹੋਸ਼ ਤਾਂਈ,
ਦੇਖ ਮਰਦਾਨਿਆਂ ਤੂ ਰੰਗ ਕਰਤਾਰ ਦੇ।

## ਬੰਦ ਬੁਲ ਬੁਲ ਅਤੇ ਰ ਹੀ

ਰਾਹੀਃ—ਅੜੀਏ ਬੁਲਬੁਲਹੋਇਆਏਕੀਤੈਨੂ,
ਕਾਹਨੂ ਅਪਨਾ ਹਾਲ ਵੰਞਾ ਬੈਠੀ?
ਚੇਹਰਾ ਜ਼ਰਦ ਹੋਇਆ,ਸੀਨਾ ਸਰਦ ਹੋਇਆ,
ਰੋ ਰੋ ਆਖੀਂਓ ਨਜ਼ਰ ਗਵਾ ਬੈਠੀ?
ਹੋਇਆ ਹਾਲ ਭੈੜਾ ਤੇਰੇ ਜੀਵਨੇ ਦਾ
ਗ਼ਮਾਂ ਵਿਚ ਕਿਓਂ ਜਿਗਰ ਜਲਾ ਬੈਠੀ?
ਤੈਨੂ ਕਲ ਹੀ ਚਮਨ ਵਿਚ ਵੇਖਿਆ ਸੀ,
ਹੁਣੇ ਪਿੰਜਰੇ ਦੇ ਅੰਦਰ ਆ ਬੈਠੀ?
ਕਿਥੇ ਆਲਨਾ ਤੇ ਕਿਥੇ ਯਾਰ ਤੇਰੇ;

ਕਿਥੇ ਫੁਲ ਤੇਰਾ ਗੁਲਿਸਤਾਨ ਕਿਥੇ?
ਕਿਥੇ ਗਈ ਗੁਲਾਬ ਦੀ ਪੀਂਘ ਤੇਰੀ,
ਸਦਾ ਉਹ ਖੁਲ ਇਲਹਾਨ ਕਿਥੇ?
ਅਜੇ ਕਲ ਹੀ ਚਮਨ ਦੇ ਵਿਚ ਹਰਸੂ,
ਪਰੇਮ ਨਾਲ ਉਡਾਰੀਆਂ ਲਾਂਵਦੀ ਸੈਂ।
ਕੈਹਕੇ ਕੋਲ ਗੁਲਾਬ ਦੇ ਝੂਝਦੀ ਸੈਂ,
ਮੁਸਕਰਾਂਵਦੀ ਸੈਂ, ਚੈਹਚਹਾਂਵਦੀ ਸੈ।
ਮਸਤ ਹਾਥੀਆਂ ਵਾਂਗ ਅਜ਼ਾਦ ਸੀਗੀ
ਜਿਧਰ ਚਾਹੁੰਦੀ ਸੈਂ ਉਧਰ ਜਾਂਵਦੀ ਸੈਂ।
ਹਰ ਇਕ ਤਰਾਂ ਦਾ ਐਸ਼ ਅਰਾਮ ਹੈਸੀ,
ਜਾਮੇ ਵਿਚ ਫੂਲੀ ਨਾ ਸਮਾਂਵਦੀ ਸੈ।
ਹੋਇਆ ਐਸ਼ ਅਰਾਮ ਸਭ ਖਾਬ ਤੇਰਾ,
ਹਦੋਂ ਵੱਧ ਕਿਉਂ ਅੱਜ ਦਲਗੀਰ ਹੋਈਓਂ?
ਗਿਆ ਘਰ ਨਾਲੇ ਖੁਥੇ ਪਰ ਤੇਰੇ,
ਪੱਕੇ ਪਿੰਜਰੇ ਵਿਚ ਅਸੀਰ ਹੋਈਓਂ।

## ਬੁਲਬੁਲ

ਦਰਦ ਮੰਦ! ਮਥੇ ਵਾਲੇ ਲੇਖ ਮਾੜ,
ਉਕਾ ਦਿਲਾਂ ਦੇ ਦੁਖੜੇ ਫੋਲ ਨਾਹੀਂ।
ਮੇਰੇ ਦੁਖੜੇ ਯਾਦ ਕਰਵਾ ਕੇਤੇ,

ਰੁਲੀ ਹੋਈ ਨੂੰ ਹੋਰ ਵੀ ਰੋਲ ਨਾਹੀਂ।
ਤੂੰ ਤਾਂ ਦਰਦ ਵੰਡੇਂ ਮੇਰਾ ਜਲੇ ਸੀਨਾ,
ਫਟਾਂ ਅਲਿਆਂ ਤੇ ਨਿਮਕ ਡੋਲ੍ਹ ਨਾਹੀਂ।
ਤੈਥੋਂ ਤੁਲਨਾ ਨਹੀਂ ਤੁਲੇਰਿਆ ਵੇ,
ਮੇਰੇ ਗ਼ਮਾਂ ਦੇ ਭਾਰ ਨੂੰ ਤੋਲ ਨਾਹੀਂ,
ਚੰਗਾ ਹੋਵੇ ਜੇਕਰ ਅਪਨੀ ਜਾਨ ਲੈਕੇ,
ਮੇਰੇ ਪਿੰਜਰੇ ਦੇ ਪਾਸੋਂ ਨਸ ਜਾਵੇਂ।
ਹੋਵੇ ਜਿਹਾ ਨਾ ਦਰਦ ਵੰਡੇਂਦਿਆਂ ਹੀ,
ਪੰਜੇ ਵਿਚ ਕਾਨੂੰਨ ਦੇ ਫਸ ਜਾਵੇਂ।

## ਰਾਹੀ

ਤੇਰੇ ਪਾਸ ਵੀ ਆਵਨਾ ਜ਼ੁਲਮ ਹੋਇਆ,
ਏਡਾ ਸਖ਼ਤ ਤੈਥੋਂ ਕੀ ਕਸੂਰ ਹੋਇਆ ?
ਮੈਨੂੰ ਦੱਸ ਖਾਂ ਕਿਉਂ ਸਯਾਦ ਜ਼ਾਲਮ,
ਤੇਰੇ ਪਕੜਨੇ ਲਈ ਮਜਬੂਰ ਹੋਇਆ ?
ਕੋਈ ਜ਼ੁਲਮ, ਤਕਸੀਰ, ਗੁਨਾਹ ਕੋਈ,
ਅੜੀਏ ਦੱਸ ! ਤੈਥੋਂ ਜੋ ਜ਼ਹੂਰ ਹੋਇਆਂ ?
ਤੇਰਾ ਦੋਸ ਹੈ ਏਸਦੇ ਵਿਚ ਜਾਂ ਕਿ,
ਬੇੜੇ ਉਸਦੇ ਦਾ ਪੂਰਾ ਪੂਰ ਹੋਇਆ ?
ਪੱਟੀ ਖੋਹਲ ਤੇ ਜ਼ਖਮ ਦਿਖਾਲ ਮੈਨੂੰ,

ਸ਼ਾਇਦ ਹੋ ਸਕੇ ਕੋਈ ਇਲਾਜ ਮੈਥੋਂ
ਮੇਰੀ ਜੇਬ ਚੋਂ ਨਿਕਲ ਅਕਲੀਰ ਆਵੇ,
ਹੋਵੇ ਵਿਗੜਿਆ ਠੀਕ ਏਹ ਕਾਜ ਮੈਥੋਂ ?

## ਬੁਲਬੁਲ

ਮੇਰੀ ਗ਼ਮਾਂ ਵਾਲੀ ਦਾਸਤਾਨ ਸੁਣਕੇ,
ਜ਼ਿਮੀਂ ਅਤੇ ਅਸਮਾਨ ਵੀ ਹਲ ਜਾਸੀ।
ਦੈਹਰੇ ਹਿੰਦ ਸੁਨਕੇ ਆਬ ਆਬ ਹੋਸੀ,
ਅਗਨੀ ਦੇਵਤੇ ਦਾ ਸੀਨਾ ਜਲ ਜਾਸੀ।
ਬਿਜਲ' ਤੜਪ ਆਕੇ ਬੇ-ਕਰਾਰ ਹੋਸੀ,
ਪੈਰਾਂ ਉਤੋਂ ਹਿਮਾਲੀਆ ਚਲ ਜਾਸੀ।
ਐਪਰ ਜਰਾ ਜਿਤਨਾ ਮਾਸ ਲੋਥੜਾ ਏਹ,
ਤੇਰਾ ਜਿਗਰ ਸੁਨਕੇ ਕੀਕੂ ਝਲ ਜਾਸੀ।
ਲੈ ਹੁਣ ਆਪਣੇ ਜਿਗਰ ਤੇ ਹਥ ਰਖਕੇ,
ਮੇਰੀ ਗਮਾਂ ਵਾਲੀ ਦਾਸਤਾਨ ਸੁਨ ਲੈ।
ਜੋ ਜ਼ੁਲਮ ਕੀਤੇ ਨੇ ਸ਼ਿਕਾਰੀਆਂ ਨੇ,
ਦਰਦਾਂ ਵਾਲੜਾ ਮੇਰਾ ਬਿਆਨ ਸੁਨ ਲੈ।

# ਅਜ ਵੇਖ ਲੈ ਪੰਥ ਦਾ ਹਾਲ ਬਾਬਾ

(ਇਸੇ ਕਵੀ ਦਰਬਾਰ ਦੀ ਦੂਸੀ ਸਮੱਸਿਆ)

ਛੁਰੀ ਵਗਦੀ ਜ਼ੁਲਮ ਤੇ ਕੈਹਰ ਵਾਲੀ,
ਤੇਰੇ ਲਾਲ ਹੋ ਰਹੇ ਹਲਾਲ ਬਾਬਾ
ਕੁਠੇ ਜਾਂਵਦੇ ਗਿਣਤੀਓਂ ਬਾਹਰ ਨਿਤ ਹੀ,
ਕਰਦੇ ਪਿਆਰ ਜੇਹੜੇ ਤੇਰੇ ਨਾਲ ਬਾਬਾ।
ਬੰਨਨ ਲਈ ਤੇਰੇ ਪ੍ਰਹਿਲਾਦ ਤਾਈਂ,
ਹੋਇਆ ਥੰਮ ਫੌਲਾਦ ਦਾ ਲਾਲ ਬਾਬਾ।
ਕੇਹੜੀ ਔਕੜਾਂ ਦੇ ਅੰਦਰ ਫਸਿਆਂ ਈ,
ਅਜ ਵੇਖ ਲੈ ਪੰਥ ਦਾ ਹਾਲ ਬਾਬਾ।
ਰਾਤ ਸਿਆਹ ਕਾਲੀ ਰਸਤਾ ਦਿਸਦਾ ਨਾ,
ਛੋਟੇ ਦਿਲ ਤੀਵੀਂ ਤੇਰੀ ਭਾਲ ਬਾਬਾ।
ਐ ਲੈ! ਠਿਲ ਪਇਆ ਕਚੇ ਘੜੇ ਉਤੇ,
ਤੇਰਾ ਨਾਮ ਲੈਕੇ ਮਹੀਂਵਾਲ ਬਾਬਾ।
ਤੇਰੇ ਪ੍ਰੇਮ ਕੁਠੀ ਸੋਹਣੀ ਡੋਬਨੇ ਨੂੰ,
ਨਦੀ ਸ਼ੂਕਦੀਏ ਬਣਕੇ ਕਾਲ ਬਾਬਾ।
ਹੈ ਤਿਆਰ ਸਦੱਕੜੇ ਹੋਣ ਖਾਤਰ,
ਅਜੇ ਵੇਖ ਲੇ ਪੰਥ ਦਾ ਹਾਲ ਬਾਬਾ।
ਉਧਰ ਤਨੀ ਬਰਛੀ ਜੁਲਮ ਸਿਤਮ ਵਾਲੀ

ਇਧਰ ਬਨੀ ਛਾਤੀ ਵਾਲੀ ਢਾਲ ਬਾਬਾ।
ਉਧਰ ਉਹਨਾ ਦ ਫ਼ਲਕ ਜਹਾਜ਼ ਉਡਨ
ਇਧਰ ਆਹ ਉਡੇ ਤੇਜ ਚਾਲ ਬਾਬਾ।
ਉਧਰ ਕੈਹਨ 'ਸ ਡੇ ਪਾਸ ਗੋਲੀਆਂ ਨੇ
ਇਧਰ ਕੈਹਨ 'ਤੈ ਅਸਾਂ ਦੇ ਨਾਲ ਬਾਬਾ।
ਸ਼ਾਂਤ ਜੁਲਮ ਵਾਲੇ ਏਸ ਜੰਗ ਅੰਦਰ
ਅਜ ਵੇਖ ਲੈ ਪੰਥ ਦਾ ਹਾਲ ਬਾਬਾ।
ਫੇਰੀ ਹਲਕਿਆਂ ਨੇ ਛੁਰੀ ਹਲਕ ਉਤੇ
ਲ ਲੋ ਲ ਲ ਹੋਏ ਤੇਰੇ ਲਾਲ ਬਾਬਾ।
ਤੇਰੇ ਲਾਲ ਹੋਂਦੇ ਜਾਂ ਹਲਾਲ ਡਿਠੇ
ਵਿੰਗਾ ਹੋਗਿਆ ਫ਼ਲਕ ਹਲਾਲ ਬਾਬਾ।
ਚਾਕ ਚਾਕ ਹੋਇਆ ਸੀਨਾ ਚਾਕਦਾ ਵੀ
ਤੇਰੇ ਚਾਕ ਦੀ ਵੇਖਕੇ ਘਾਲ ਬਾਬਾ।
ਤੇਰੀ ਹਿਜਰ ਕਟਾਰੀ ਨੇ ਕੋਹਿਆ ਈ
ਅਜ ਪੰਥ ਦਾ ਵੇਖ ਲੇ ਹਾਲ ਬਾਬਾ।
ਜਾਨ ਮਾਲ ਤੇਰਾ ਮਾਲ ਧਨ ਤੇਰਾ
ਰਹੀ ਜਾਨ ਸੋ ਭੀ ਤੇਰਾ ਮਾਲ ਬਾਬਾ।
ਜਾਨ ਜਾਨ ਦਿਤੀ ਨਹੀਂ ਜਾਨ ਦਿਤੀ
ਸਿਖੀ ਤੈਂਹਡੜੀ ਜਾਨ ਵਿਸਾਲ ਬਾਬਾ।
ਮੋਏ ਆਨ ਵਿਚ ਆਨ ਤੇ ਆਨ ਅੰਦਰ

ਦਿਤਾ ਆਨ ਨਾ ਫਰਕ ਰਵਾਲ ਬਾਬਾ।
ਔਕੜ ਅਤੇ ਭੀੜਾ ਵਾਲੇ ਸਮੇਂ ਅੰਦਰ
ਅੱਜ ਪੰਥ ਦਾ ਵੇਖ ਲੈ ਹਾਲ ਬਾਬਾ।
ਰੋ ਰੋ ਆਖਦੀ ਏ ਤੇਰੀ ਜਨਮ ਭੂਮੀ
ਕੁਠੇ ਗਏ ਏਥੇ ਤੇਰੇ ਲਾਲ ਬਾਬਾ।
ਭਠੀ ਕਹੇ ਮੈਥੋਂ ਡਾਹਡਾ ਕੈਹਰ ਹੋਇਆ
ਬੇਰੀ ਜੁਲਮ ਦਾ ਕਰੇ ਇਕਬਾਲ ਬਾਬਾ।
ਕੈਂਹਦਾ ਫ਼ਰਸ਼ ਮੈਨੂੰ ਦੋਸੀ ਕਰਨ ਖਾਤਰ
ਕੀਤਾ ਜ਼ਾਲਮਾਂ ਨੇ ਲਾਲੋ ਲਾਲ ਬਾਬਾ।
ਹੋਏ ਗੋਲੀਆਂ ਦੇ ਨਾਲ ਸੱਲ ਕੈਂਹਦੇ
ਅਜ ਵੇਖ ਲੈ ਪੰਥ ਦਾ ਹਾਲ ਬਾਬਾ।

## ਧੂਮ ਪਾਈ ਵਿਚ ਸੰਸਾਰ ਦੇ ਅਕਾਲੀਆਂ !

(ਇਸੇ ਕਵੀ ਦਰਬਾਰ ਵਿਚ ਪੜ੍ਹਕੇ ਇਨਾਮ
ਪਰਾਪਤ ਕੀਤਾ)

ਵਜਿਆ ਨਗਾਰਾ ਭਾਰਾ ਸ਼ਾਂਤਮਈ ਜੰਗ ਵਾਲਾ;
ਨਾਹਰਾ ਯਕਵਾਰਾ ਲਾਕੇ ਆਈਆਂਘਟਾਂਕਾਲੀਆਂ।
ਸੀਸ ਧਰ ਤਲੀ'ਗਲੀ ਮਲੀ ਸੋਹਣੇ ਯਾਰਵਾਲੀ,
ਪਲੋਂ ਪਲੀ' ਬਲੀ ਹੋਈਆਂ ਦੀਦ ਮਤਵਾਲੀਆਂ।
ਰੋਲੀਆਂ ਤੋਂ ਘੋਲੀਆਂ'ਤੇ ਰੋਲੀਆਂ ਖਾਕ ਜਿੰਦਾਂ

ਹੋਲੀਆਂ ਨਾ ਬੋਲੀਆਂ ਓਹ ਰੂਹਾਂ ਸੁਖ ਪਾਲੀਆਂ।
ਝੂਮ ਝੂਮ ਹੋਂਵਦੇ ਸ਼ਹੀਦ ਮਜ਼ਲੂਮ ਪਏ,
ਧੂਮ ਪਾਈ ਵਿਚ ਸੰਸਾਰ ਦੇ ਅਕਾਲੀਆਂ।
ਕੀਤੀ ਰਖਵਾਲੀ' ਬਾਗ ਵਾਲੀ ਬਾਗਾਂਵਾਲੀ ਬਨ,
ਨਵੇਂ ਸਿਰੋਂ ਫੇਰ ਹੇ ਮਹਿਕਾਇਆ ਇਨ੍ਹਮ ਲੀਆਂ।
ਮਾਲੀਆਂ ਨੇ ਘਾਲੀਆਂਨਿਰਾਲੀਆਂਹੀਘਾਲਾਂ ਜਹੀਆਂ,
ਰੰਗ ਓਹ ਲਿਆਏ ਫੇਰ ਪਤੇ ਅਤੇ ਡਾਲੀਆਂ।
ਡਾਲੀਆਂ ਸ਼ਾਦਾ ਬਨਾਈਆ ਖ਼ੂਨ ਆਬ ਪਾਕੇ,
ਆਈਆਂ ਤਾਂ ਗੁਲਾਬ ਦੀਆਂ ਗਲਾਂ ਉਤੇ ਲਾਲੀਆਂ।
ਲਾਲੀਆਂ ਨੂੰ ਵੇਖ ਘਾਲ ਆਂਵਦੀ ਹੈ ਯਾਦ ਈਕੂੰ,
ਧੂਮ ... ... ... ... ...
ਯਾਰ ਦੇ ਪਿਆਰ ਦਿਲਦਾਰ ਦੇ ਦੀਦਾਰ ਲਈ,
ਬੰਨ੍ਹਕੇ ਤੇ ਡਾਰ ਤਿਆਰ ਹੋਈਆਂ ਮਤਵਾਲੀਆਂ।
ਬੁਲਬੁਲਾਂ ਵਿਚਾਰੀਆਂ ਉਡਾਰੀਆਂ ਚਾ ਮਾਰੀਆਂ,
ਸ਼ਕਾਰੀਆਂ ਹੰਕਾਰੀਆਂ ਨੇ ਤਾਨ ਲਈਆਂ ਜਾਲੀਆਂ।
ਜਾਲੀਆਂ ਦਾ ਖ਼ੌਫ ਭਲਾ ਟਾਲੇ ਕਿਵੇਂ ਆਸ਼ਕਾਂ ਨੂੰ;
ਟਾਲੀਆਂ ਨਾਂ ਮੂਲ ਖੌਫ ਜਾਲੀਆਂ ਤੋਂ ਟਾਲੀਆਂ।
ਯਾਰ ਗੁਰੂ ਬਾਗ ਅਤੇ ਬੁਲਬੁਲਾਂ ਅਕਾਲੀ ਬੀਰ,
ਧੂਮ ਪਾਈ ... ... ... ...
ਹੋਂਵਦੇ ਨੇ ਵਾਰੀ ਬਲਿਹਾਰੀ ਪਿਆਰੀ ਆਨ ਉਤੇ,

ਖਾਇਕੇ ਕਟਾਰੀ ਕਹਿੰਦੇ ਲਈਆਂ ਪ੍ਰੇਮ ਪਿਆਲੀਆਂ
ਹੋਵੇ ਜਾਂ ਨਿਸਾਰੀ' ਵਫ਼ਾਦਾਰੀ ਜੇ ਤਾਂ ਜਹਾ ਹੋਵੇ।
ਰੋਲੀਆਂ ਦਲੀਪ ਛਾਤੀ ਤਾਨ ਕੀਕੂ ਖਾਲਈਆਂ
ਪਾਂਵਦੇ ਸ਼ਹੀਦੀ ਖੌਫ਼ ਖਾਵਦੇ ਨਾ ਗੀਦੀ ਬਨ।
ਪੀਰੀ ਤੇ ਮੁਰੀਦੀ ਦੀਆਂ ਰੀਤਾਂ ਖੂਬ ਪਾਲੀਆਂ।
ਦੇਖ ਦਲਜੀਤ ਮਜਲੂਮ ਪਏ ਕੂਕਦੇ ਨੇ
ਧੂਮ ... ... ... ... ... ... ... ...

## ਮੇਹਰਾਂ ਵਾਲਿਆ ਕਦੋਂ ਤੂੰ ਮੇਹਰ ਕਰਸੈਂ

ਏਹ ਕਵਤਾ ਅਕਾਲੀ ਤੇ ਪਰਦੇਸੀ ਦੇ ਨਰੰਕਾਰੀ ਨੰਬਰ ਵਿਚ ਪਰਕਾਸ਼ਤ ਹੋਈ ਅਤੇ ਜਨਮ ਵਾਲੇ ਦਿਨ ਜਨੰਮ ਅਸਥਾਨ ਵਾਲੇ ਦੀਵਾਨ ਵਿਚ ਪੜੀ ਗਈ।

ਜਖਮੀ ਦਿਲਾਂ ਦੀ ਆਹ ! ਅਕਸੀਰ ਸੋਹਣੀ
ਗਮ ਰਸੀਦਿਆਂ ਦੇ ਗਮ ਗੁਸਾਰ ਨਾਨਕ।
ਸ਼ਾਹ ਸ਼ਾਂਹ ਦੇ ਤੇ ਪੀਰ ਪੈਗੰਮਬਰਾਂ ਦੇ
ਇੰਦਰ ਪੁਰੀਦੇ ਸੋਹਨੇ ਸੰਗਾਰ ਨਾਨਕ।
ਏਸ ਜਗਤ ਦੇ ਖਿੜੇ ਗੁਲਜ਼ਾਰ ਅੰਦਰ
ਫੁਲਾਂ ਸਾਰਿਆਂ ਦੇ ਤਾਜਦਾਰ ਨਾਨਕ।
ਚਰਨਾਂ ਤੇਰਿਆਂ ਤੇ ਨਿਮਸਕਾਰ ਮੇਰੀ
ਮੈਂ ਬਲਹਾਰ ਨਾਨਕ ਬਾਰੰਮਬਾਰ ਨਾਨਕ :

ਤੇਰੀ ਪਰੇਮ ਜ਼ੰਜੀਰ ਦੇ ਵਿਚ ਜਕੜੇ
ਰੈਂਹਦੇ ਭਟਕਦੇ ਭਾਂਨ; ਤੇ ਚਨ, ਤਾਰੇ।
ਸਜਦਾ ਕਰਨ ਆਕੇ ਚਰਨਾ ਤੇਰਿਆਂ ਦਾ
ਸੁੰਦਰ ਮੁਖੜੇ ਦੇ ਉੱਤੋਂ ਜਾਨ ਵਾਰੇ।

# ਛਪਵਾਈ ਦਾ ਕੰਮ

ਓਅੰਕਾਰ ਪ੍ਰੈਸ ਵਿਚ ਹਰ ਪ੍ਰਕਾਰ ਦੀ ਗੁਰਮੁਖੀ, ਅੰਗ੍ਰੇਜ਼ੀ, ਉਰਦੂ, ਹਿੰਦੀ ਦੀ ਛਪਵਾਈ ਸੁੰਦਰ ਤੇ ਸਵੱਲੀ ਹੁੰਦੀ ਹੈ।ਤਸ-ਵੀਰਾਂ ਅਤੇ ਰੰਗਦਾਰ, ਛਪਵਾਈ ਦਾ ਕੰਮ ਵਡੀ ਸਫਾਈ ਨਾਲ ਕੀਤਾ ਜਾਂਦਾ ਹੈ। ਹਰ ਪ੍ਰਕਾਰ ਦੀ ਪੁਛ ਗਿਛ ਮੈਨੇਜਰ ਓਅੰਕਾਰ ਪ੍ਰੈਸ ਅੰਮਰਤਸਰ ਨਾਲ ਕਰੋ।

# "ਬ੍ਰਿਹੋਂ ਦੇ ਸੱਦ"

ਇਸ ਪੁਸਤਕ ਤੋਂ ਕਿਹੜਾ ਆਦਮੀ ਜਾਣੂ ਨਹੀਂ। ਇਹ ਪੁਸਤਕ ਪੰਜਾਬੀ ਦੇ ਪ੍ਰਸਿਧ ਕਵੀਸ਼ਰ ਸ੍ਰੀ ਮਾਨ ਸ੍ਰਦਾਰ ਮਧੁਸੂਦਨ ਸਿੰਘ ਜੀ ਬ੍ਰਿਹੋਦੀ ਰਚਿਤ ਹੈ। ਕਾਗ਼ਜ਼ ਤੇ ਛਪਵਾਈ ਐਸੀ ਸੁੰਦਰ ਹੈ ਕਿ ਪੰਜਾਬੀ ਵਿਚ ਆਪ ਨੂੰ ਸਾਇਦ ਹੀ ਕੋਈ ਐਸੀ ਪੁਸਤਕ ਮਿਲ ਸਕੇ। ਹਥੋ ਹਥ ਵਿਕ ਰਹੀ ਹੈ। ਸ਼ੀਘਰ ਕਰੋ ਨਹੀਂ ਤਾਂ ਦੂਸਰੀ ਐਡੀਸ਼ਨ ਉਡੀਕਨੀ ਪਊ॥ ਮੋਖ ਮਸੂਲ ਡਾਕ ਤੋਂ ਬਿਨਾ ਕੇਵਲ ॥) ਹੈ॥ ਮੰਗਾਉਣ ਦਾ ਪਤਾਃ—

ਖਾਲਸਾ ਆਜ਼ਾਦ ਏਜੰਸੀ ਅੰਮ੍ਰਤਸਰ

# ਚੇਤਾਵਨੀ

ਜਦੋਂ ਵੀ ਕਦੇ ਆਪ ਨੂੰ ਗੁਰੂ ਘਰ ਦੇ ਜਾਂ ਹੋਰ ਕਿਸੇ ਪੁਸਤਕ ਦੀ ਲੋੜ ਹੋਵੇ ਜਾਂ ਸ੍ਰੀ ਅੰਮਰਤਸਰ ਜੀ ਵਿਚੋਂ ਕੰਘੇ; ਕੜੇ, ਕ੍ਰਿਪਾਨਾਂ ਆਦਿ ਕੋਈ ਵੀ ਚੀਜ਼ ਮੰਗਾਉਣੀ ਹੋਵੇ ਤਾਂ ਸਦਾ ਹੀ ਸਾਨੂੰ ਚੇਤੇ ਕਰਿਆ ਕਰੋ। ਸਾਥੋਂ ਆਪ ਨੂੰ ਹਰ ਇਕ ਚੀਜ਼ ਚੰਗੀ ਤੇ ਸਵੱਲੀ ਮਿਲੇਗੀ ਅਤੇ ਆਪ ਸਦਾ ਹੀ ਅੰਮਰਤਸਰੀ ਲੁਟ ਤੋਂ ਬਚੇ ਰਹੋਗੇ। 'ਪ੍ਰਤਖ ਨੂੰ ਪ੍ਰਮਾਣ ਕੀ ਆਖੇ,' ਇਕ ਵੇਰ ਮੰਗਵਾਕੇ ਅਜ਼ਮਾ ਲਵੋ।

ਮੰਗਾਉਣ ਦਾ ਪਤਾਃ—

ਖਾਲਸਾ ਅਜ਼ਾਦ ਏਜੰਸੀ

ਅੰਮਰਤਸਰ

ਟ੍ਰੈਕਟ ਨੰਃ ੨

ਪੈਹਲੀ ਵਾਰ ] ☞੧੦੦੦☜ [ ਮੋਖ ।–)

ਓਅੰਕਾਰ ਪ੍ਰੈਸ ਵਿਚ ਹਰ ਪ੍ਰਕਾਰ ਦੀ ਗੁਰਮੁਖੀ, ਅੰਗ੍ਰੇਜ਼ੀ, ਉਰਦੂ ਅਤੇ ਹਿੰਦੀ ਦੀ ਛਪਵਾਈ ਸੁੰਦ੍ਰ ਅਤੇ ਸਵੱਲੀ ਹੁੰਦੀ ਹੈ।

ਓਅੰਕਾਰ ਪ੍ਰੈਸ ( ਪੁਰਾਣਾ ਤਾਰਘਰ ) ਅੰਮ੍ਰਿਤਸਰ ਵਿਚ ਸ੍ਰਦਾਰ ਹਰਨਾਮ ਸਿੰਘ 'ਭੌਰਾ' ਪ੍ਰਿੰਟ੍ਰ ਦੇ ਪ੍ਰਬੰਧ ਨਾਲ ਛਪਿਆ।

---

ਹਰ ਪ੍ਰਕਾਰ ਦੀਆਂ ਪੁਸਤਕਾਂ ਮੰਗਾਉਣ ਦਾ ਪਤਾਃ–

ਖ਼ਾਲਸਾ ਆਜ਼ਾਦ ਏਜੰਸੀ, ਅੰਮ੍ਰਿਤਸਰ